੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੨੨ ਜਿਲਦ ੩੦ ੧੧-੧੭ ਜੂਨ ੨੦੨੦, ੨੯ ਜੇਠ - ੪ ਹਾੜ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 22 Volume 30, 11-17 June 2020
Yearly Subscription India 250/-, Abroad 2500/- and Life Membership India 2500/-, Abroad 25000/-

# ਨਿਰਵਿਘਨ ਰਸਤਾ

❖ ਭਾਈ ਸਾਹਿਬ ਭਾਈ ਵੀਰ ਸਿੰਘ

ਤ੍ਰੈ ਗੱਲਾਂ ਪੱਲੇ ਬੰਨ੍ਹਣ ਵਾਲੀਆਂ ਹਨ:

1) ਨਾਮ ਵਿਚ ਲਿਵ ਲਾਉਣੀ 2) ਹਉਮੈਂ ਜਿੱਤਣੀ ਤੇ

3) ਭਾਣੇ ਵਿਚ ਸੁਖ ਮਨਾਉਣਾ।

ਨਾਮ ਬਿਨਾਂ ਗਤੀ ਨਹੀਂ ਹੈ। ਇਹੋ ਹੀ ਸੁਖਮ ਤੇ ਨਿਰਵਿਘਨ ਤੋਂ ਨਿਰਵਿਘਨ ਰਸਤਾ ਹੈ। ਨਾਮ ਜਪੋ, ਜਪਦਿਆਂ ਸਿਮਰਣ ਹੋ ਜਾਏਗਾ। ਸਿਮਰਣ ਮਨ, ਪ੍ਰਾਣ ਤੇ ਸਰੀਰ ਵਿਚ ਵਸ ਜਾਵੇਗਾ। ਇਸ ਵਿਚ ਟਿਕਿਆਂ ਤੇ ਇਸ ਪ੍ਰਵਾਹ ਵਿਚ ਟੁਰਦਿਆਂ ਮੋਹ ਮਾਇਆ ਕਟੀਜੇਗੀ ਤੇ ਸਾਂਈਂ ਦਾ ਪਿਆਰ ਜਾਗੇਗਾ। ਸੁਰਤ ਸਾਂਈਂ ਰੁਖ਼ੀ ਹੋ ਜਾਏਗੀ। ਬਾਹਰ ਵਲੋਂ ਮਨ ਦਾ ਧਾਵਨਾ ਮਰਿਯਾਦਾ ਵਿਚ ਹੁੰਦਾ ਜਾਏਗਾ। ਇੰਦ੍ਰੇ ਮਨ ਦੇ ਵੱਸ ਵਿਚ ਰਹਿਣਗੇ, ਖਿੱਚੋਤਾਣ ਛੱਡਣਗੇ। 'ਮਨ' ਅੰਦਰ ਜਾਗ ਪਈ ਉੱਚੀ 'ਬੁੱਧੀ' ਦੇ ਹੇਠ ਟੁਰਨ ਲਗ ਪਏਗਾ। ਬੁੱਧੀ ਨਿਰਮਲ ਹੋ ਕੇ ਨਿਰੰਕਾਰ ਦੀ ਅਗੁਵਾਨੀ ਵਿਚ ਆਵੇਗੀ। ਆਪੇ ਤੇ ਕਾਬੂ ਵਧੇਗਾ।

ਪਰ ਨਾਲ ਬਾਣੀ ਦਾ ਅਭਯਾਸ ਰਖੋ। ਪੜ੍ਹੋ, ਗਾਂਵੋ, ਵਿਚਾਰੋ। ਬੁੱਧੀ ਉਸ ਨਾਲ ਵਿਵੇਚਨਾ ਵਿਚ ਜਾਏਗੀ, ਮਨ ਟਿਕੇਗਾ ਤੇ ਠੰਢ ਵਰਤੇਗੀ। ਬਾਣੀ ਦੇ ਅਭਯਾਸ ਨਾਲ ਨਾਮ ਦੀ ਕੀਮਤ ਦੀ ਸੋਝੀ ਤੇ ਨਾਮ ਵਿਚ ਰੁਚੀ ਵਧਦੀ ਹੈ। ਕਿਸੇ ਵੇਲੇ ਨਾਮ ਤੋਂ ਉਖੜਿਆਂ ਤੇ ਤੋਟ ਪੈਣ ਵੇਲੇ, ਬਾਣੀ ਰਖ੍ਯਾ ਕਰਦੀ ਹੈ। ਇਹ ਬਾਣੀ ਗੁਰੂ ਅਕਾਲ ਪੁਰਖ ਦੀ ਹੈ। ਇਹ ਧੁਰੋਂ ਆਈ ਹੈ; ਇਹ ਧੁਰ ਨੂੰ ਲੈ ਤੁਰੇਗੀ, ਇਹ ਧੁਰ ਨੂੰ ਅਪੜਾਵੇਗੀ। ਬਾਣੀ ਮਾਨੋ ਦਾਇਰਾ ਹੈ (ਗੁਲਜਾਈ) ਤੇ ਨਾਮ ਮਾਨੋ ਨੁਕਤਾ ਹੈ ਵਿਚਲਾ (ਮਰਕਜ਼)। ਇਹ ਤਾਂ ਹਈ ਨਾਮ ਦਾ ਸਾਧਨ।

ਦੂਜੀ ਗੱਲ ਇਹ ਸਮਝ ਲੈਣ ਵਾਲੀ ਹੈ ਕਿ ਸਾਨੂੰ ਸਾਡੇ ਮੂਲ ਤੋਂ ਨਿਖੇੜਨਹਾਰ ਹੈ ਸਾਡੇ ਅੰਦਰ ਵਹਿ ਰਹੀ 'ਹਉਂ'। ਇਸ ਨੂੰ ਅਸਾਂ ਆਪੇ ਤੋਂ ਨਿਖੇੜ ਵੱਖਰਾ ਕਰਕੇ ਵੇਖਣਾ ਹੈ। ਇਕ ਪਾਸੇ ਤਾਂ ਬਾਣੀ ਤੇ ਨਾਮ ਸਾਨੂੰ ਅੰਤਰਮੁਖ ਕਰਨਗੇ, ਦੂਜੇ ਪਾਸੇ ਸਾਡੀ ਇਹ ਵਿਚਾਰ ਕਿ 'ਹਉਂ' ਸਾਰੇ ਬੰਧਨਾਂ ਦਾ ਮੂਲ ਹੈ ਤੇ ਇਹ ਜਤਨ ਕਿ ਇਸ ਨੂੰ ਵੇਖਣਾ ਤੇ ਇਸ ਤੋਂ ਨਿਖੜਵਾਂ ਰੁਖ਼ ਲੈਣਾ ਹੈ, ਸਾਨੂੰ ਸੱਚ ਪਰ ਲੈ ਜਾਏਗੀ।

ਜੀਵ ਦੇ ਅੰਦਰ 'ਹਉਂ' 'ਮੈਂ ਹਾਂ' ਦਾ ਰੂਪ ਧਾਰਕੇ ਅਭਿਮਾਨ ਵਿਚ ਆਉਂਦੀ ਹੈ, ਸਾਂਈਂ ਵਿਚ ਤੇ ਜੀਵ ਵਿਚ ਪਰਦਾ ਤਾਣਦੀ ਹੈ ਭੁੱਲ ਦਾ। 'ਹਉਂ' ਮਨ ਨੂੰ ਬਾਹਰ ਨੂੰ ਰੁਖ਼ ਦੇਂਦੀ ਹੈ ਤੇ ਮੈਂ ਮੇਰੀ ਵਿਚ ਆਪਣੇ ਆਪ ਨੂੰ ਪਸਾਰਦੀ ਹੈ। ਦੇਖੋ, ਜਦੋਂ ਜੀਵ ਆਕੜਦਾ ਤੇ ਹੰਕਾਰਦਾ ਹੈ ਤਾਂ ਹਉਂ ਆਪਣੇ ਆਪ ਨੂੰ 'ਮੈਂ' ਵਿਚ, ਹੰਕਾਰ ਵਿਚ ਦਿਖਾਲ ਰਹੀ ਹੈ। ਜਦੋਂ ਲੈਂਦਾ ਹੈ, ਧਾਉਂਦਾ ਹੈ, ਲੈ ਕੇ ਖੁਸ਼ ਹੁੰਦਾ ਹੈ, ਮਾਣਦਾ ਹੈ, ਭੋਗਦਾ ਹੈ ਅਰਥਾਤ ਜਦੋਂ ਇਸ ਨੂੰ ਇਸ ਦੀ 'ਮੇਰੀ' ਦੀ ਪੂਰਨਤਾ ਦਾ ਸਾਮਾਨ ਲੋੜੀਂਦਾ ਹੈ ਯਾ ਲੱਭਦਾ ਹੈ; ਤਾਂ ਉਹੋ 'ਹਉਂ' ਕਾਮਨਾ ਬਣ ਜਾਂਦੀ ਹੈ। ਕਦੇ ਭੋਗ ਦਾ ਰੂਪ ਧਾਰਦੀ ਹੈ, ਕਦੇ ਲੋਭ ਦਾ, ਕਦੇ ਮੋਹ ਦਾ। ਫੇਰ ਜਦੋਂ ਹੰਕਾਰ ਨੂੰ ਠੁਹਕਰ ਵੱਜੇ ਤਾਂ ਇਹ ਕ੍ਰੋਧ ਬਣਕੇ ਪ੍ਰਗਟਦੀ ਹੈ। ਜੇ ਇਹ ਕ੍ਰੋਧ ਕੁਛ ਸਾਰ ਨ ਸਕੇ ਤਾਂ ਫਿਰ ਕ੍ਰੋਧ ਜਲਨ, ਸਾੜਾ ਤੇ ਈਰਖਾ ਬਣ ਜਾਂਦੀ ਹੈ। ਸੋ ਇਹ ਹਉਂ ਹੀ ਸੱਭੋ ਕੁਛ ਬਣਦੀ ਹੈ, ਇਸ ਕਰਕੇ 'ਹਉਮੈ' ਹੀ ਬੰਧਨ ਰੂਪ ਹੈ; ਜੰਮਣ ਮਰਣ ਸਾਰੇ ਖੇਲ ਮਾਇਆ ਦੇ ਇਸੇ ਵਿਚ ਹੋ ਰਹੇ ਹਨ। ਇਸੇ 'ਹਉਂ ਦੀ ਸੋਝੀ' 'ਦਰ ਦੀ ਸੋਝੀ' ਅੱਗੇ ਤਣਿਆ ਹੋਇਆ ਪੜਦਾ ਉਤਾਰ ਦੇਂਦੀ ਹੈ। ਇਹ ਹੀ ਮਾਨੋ ਰੋਗ ਰੂਪ ਹੈ। ਦੂਰ ਹੋਵੇਗੀ ਇਹ ਨਾਮ ਦੀ ਕਮਾਈ ਨਾਲ, ਪਰ ਇਸ ਦੀ

## ਅੰਦਰ


- ਕਰੋਨਾ-ਕਾਲ ਵਿਚ ਕਵਿਤਾਵਾਂ ਦੇ ਸੁਨੇਹੇ 3
- ਫ਼ਤਵਿਆਂ ਦੀ ਵਰਣਮਾਲਾ 4
- ਸੰਤ ਬਿਮਲਾ ਸਿੰਘ : ਪੀੜਾ-ਹਰਨ ਦਾਤਾ 5
- GURU & guru : Betwixt & Between 7
- ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਸੰਦੇਸ਼ 9
- ਝਲਕੀਆਂ 10
- ਸ਼ਬਦ ਵਿਆਖਿਆ 11
- ਰਿਪੋਰਟ 12

ਇਹ ਸਮਝ ਨਾਮ ਅਭਿਆਸ ਦੇ ਨਾਲ ਨਾਲ ਹੀ ਰੱਖੀਦੀ ਹੈ, ਕਿਉਂਕਿ ਇਹ ਸਤਿਸੰਗ ਦੇ ਕਰਮਾਂ ਵਿਚ ਵੀ ਆ ਕੇ ਵਿਘਨਕਾਰੀ ਹੁੰਦੀ ਹੈ ਤੇ ਨਾਮ ਜਪਣ ਦੇ ਰਸਤੇ ਵਿਚ ਰੋਕਾਂ ਪਾਉਂਦੀ ਹੈ। ਨਾਮ ਨਾਲ ਪ੍ਰਾਪਤ ਮਨ ਦੀ ਨਿਰਮਲਤਾਈ ਵਿਚ ਬੀ ਮੈਂ ਗਿਆਨੀ, ਮੈਂ ਤਪੀ, ਮੈਂ ਅਭਿਆਸੀ ਦੇ ਭਾਵ ਖੜੇ ਕਰਦੀ ਹੈ, ਇਸ ਕਰਕੇ ਹਉਮੈ ਦੇ ਰੂਪ ਆਹ ਆਹ ਹਨ ਤੇ ਇਨ੍ਹਾਂ ਤੋਂ ਭੁਲੇਖਾ ਟਪਲਾ ਨਹੀਂ ਖਾਣਾ, ਇਹ ਸਾਵਧਾਨਤਾ ਰੱਖਣੀ ਹੈ। ਗਲ ਕੀਹ, ਹਉਮੈ ਜਾਣਨੀ ਹੈ ਤੇ ਜਿੱਤਣੀ ਹੈ।

ਤੀਸਰੀ ਗੱਲ ਹੈ ਭਾਣਾ ਮੰਨਣਾ। ਜਗਤ ਵਿਚ ਵੱਸਦਿਆਂ ਦੁਖ ਸੁਖ ਵਾਪਰਦੇ ਹਨ, ਹਰਖ ਸ਼ੋਕ ਆਉਂਦੇ ਹਨ, ਇਨ੍ਹਾਂ ਦੀ ਠੁਹਕਰ ਅੰਦਰ ਡੂੰਘੀ ਜਾਂਦੀ ਹੈ। ਅਸਲ ਵਿਚ ਤਾਂ ਇਹ ਠੁਹਕਰ 'ਹਉਮੈ' ਨੂੰ ਲਗਦੀ ਹੈ, ਜਿਸ ਵਿਚ 'ਮੈਂ ਮੇਰੀ' ਦਾ ਨਿਵਾਸ ਹੈ। 'ਮੈਂ' ਨੂੰ ਜਦੋਂ 'ਮੇਰੀ' ਦੀ ਪ੍ਰਾਪਤੀ ਵਿਚ ਰੋਕ ਪਵੇ ਯਾ ਪ੍ਰਾਪਤ ਖੁੱਸੇ ਤਦੋਂ ਇਹ ਦੁਖੀ ਹੁੰਦੀ ਹੈ। ਸੋ ਜਦੋਂ ਹੋਣੀਆਂ ਵਾਪਰਕੇ 'ਮੇਰੀ' ਦੇ ਪਦਾਰਥ ਵਿਨਸਦੇ ਯਾ ਵਿਛੁੜਦੇ ਹਨ, ਉਸ ਵੇਲੇ ਜੋ ਇਸ ਨੂੰ 'ਭਾਣਾ' ਕਰਕੇ ਮੰਨਦਾ ਹੈ ਉਹ ਠੁਹਕਰ ਨਹੀਂ ਖਾਂਦਾ ਤੇ ਹਉਮੈ ਤੋਂ ਨਿਖੇੜਾ ਪਾਉਂਦਾ ਹੈ। ਜਿਨ੍ਹਾਂ 'ਪਦਾਰਥਾਂ' ਤੇ 'ਮੋਹ ਵਾਲੇ ਅਪਨਿਆਂ' ਨੇ ਰਹਿਣਾ ਨਹੀਂ, ਜੋ ਕਦੇ ਸਾਡੇ ਪਾਸ ਨਹੀਂ ਸਨ, ਜੋ ਮਿਲੇ ਸਨ ਤੇ ਵਿਛੁੜਨਗੇ, ਓਹ ਕਦੇ ਬੀ ਸਾਡੇ ਨਹੀਂ ਸਨ। ਉਨ੍ਹਾਂ ਵਿਚ ਕਾਹਦੀ ਤ੍ਰਿਸ਼ਨਾ ਤੇ ਕਾਹਦਾ ਜਕੜਵਾਂ ਮੋਹ, ਆਏ ਹੁਕਮ ਵਿਚ, ਗਏ ਹੁਕਮ ਵਿਚ। ਅਸੀਂ ਨਿਰੰਕਾਰ ਦੇ ਤੇ ਨਿਰੰਕਾਰ ਸਾਡਾ, ਅੰਦਰ ਜਿਸ ਨਾਲ ਲਿਵ ਦੁਆਰਾ ਮਿਲ ਰਹੇ ਹਾਂ। ਇਸ ਬਾਹਰ ਦੇ 'ਆਉਣ', ਪ੍ਰਾਪਤ ਹੋਣ ਫਿਰ 'ਵਿਛੁੜਨ ਤੇ ਵਿਣਸਨ' ਦਾ ਸਾਨੂੰ ਲੇਪ ਕਿਉਂ? ਜੋ ਹੋ ਰਿਹਾ ਹੈ ਹੁਕਮ ਵਿਚ ਹੋ ਰਿਹਾ ਹੈ। ਹਾਂ, ਹਉਮੈ ਵਿਚ ਕੀਤੇ ਕਰਮਾਂ ਅਨੁਸਾਰ ਧੁਰੋਂ ਹੋ ਗਏ ਹੁਕਮਾਂ ਵਿਚ ਹੋ ਰਿਹਾ ਹੈ। ਸਾਡਾ ਪਿਆਰਾ ਰੱਬ ਹੈ, ਉਹ ਜੋ ਕੁਛ ਅਸਾਂ ਲਈ ਕਰਦਾ ਹੈ ਭਲਾ ਹੈ। ਸਾਡਾ ਪਿਆਰ ਦਾਤੇ ਨਾਲ ਹੈ, ਦਾਤਾਂ ਨਾਲ ਨਹੀਂ, ਦਾਤਾਂ ਦੇਣ ਲੈਣ ਵਾਲਾ ਆਪ ਹੈ। ਅਸੀਂ ਸਦਾ ਉਸ ਨਿਰੰਕਾਰ ਨਾਲ ਲੱਗੇ ਰਹੀਏ। ਐਉਂ ਦੀ ਵੀਚਾਰ-ਦੁਖ ਸੁਖ ਵਾਪਰਨ ਵੱਲ ਜਦੋਂ ਹਉਮੈ ਜ਼ੋਰ ਪਕੜਦੀ ਹੈ ਚਾਹੋ ਹੰਕਾਰ ਦਾ, ਚਾਹੋ ਕ੍ਰੋਧ ਦਾ, ਚਾਹੋ ਟੋਆ ਖਾਂਦੀ ਹੈ ਗ਼ਮ ਚਿੰਤਾ ਦਾ, ਤਦੋਂ— ਸਿਮਰਨ ਦੇ ਪ੍ਰਵਾਹ ਤੇ ਲਿਵ ਦੀ ਧਾਰਾ ਨੂੰ ਟੁੱਟਣ ਨਹੀਂ ਦੇਂਦੀ।

ਏਹ ਤ੍ਰੈ ਗੱਲਾਂ, ਸੁਖੀ ਮਨ ਵਾਲੇ ਬਣਾ ਦੇਂਦੀਆਂ ਹਨ।

**– ਅਮਰ ਲੇਖ, ਭਾਗ-੩** 'ਚੋਂ

---

# ਹਰਖ ਸੋਗ ਵਿਚ ਭਾਣਾ ਮੰਨਣ ਵਾਲੇ

**ਭਾਣੇ** ਪਰ ਸ਼ਾਕਰ ਇਕ ਸਿੰਘ ਜੀ, ਜਿਨ੍ਹਾਂ ਦਾ ਨਾਮ ਭਾਈ ਗੁਰਮੁਖ ਸਿੰਘ ਸੀ, ਸ੍ਰੀ ਅੰਮ੍ਰਿਤਸਰ ਜੀ ਵਿਚ ਚੰਗੇ ਨਾਮਣੇ ਵਾਲੇ, ਰਜ਼ਾ ਪਰ ਰਾਜ਼ੀ ਤੇ ਰੱਜੇ ਪੁੱਜੇ ਹੋ ਗੁਜ਼ਰੇ ਹਨ। ਆਪ ਬੜੇ ਸਤਿਕਾਰਤ ਕੀਰਤਨੀਏ ਸਨ, ਰਾਗੀ ਰਬਾਬੀ ਤੇ ਵੱਡੇ ਵੱਡੇ ਗਵਈਆਂ ਦੇ ਉਸਤਾਦ ਬੀ ਆਪ ਨੂੰ ''ਉਸਤਾਦ ਜੀ'' ਕਰ ਕੇ ਸੱਦਦੇ ਸਨ। ਇਕ ਵਾਰ ਆਪ ਬੰਗਾਲ ਵਿਚ ਵੀ ਕਿਸੇ ਸੰਗੀਤ ਦਰਬਾਰ ਵਿੱਚ ਸੱਦੇ ਗਏ ਤੇ ਓਥੋਂ ਬੜਾ ਸਨਮਾਨ, ਸਤਿਕਾਰ ਤੇ ਇਨਾਮ ਲੈ ਕੇ ਆਏ ਸਨ। ਰਾਗ ਦੇ ਇਕ ਵੱਡੇ ਪੰਡਤ ਸਨ। ਆਪ ਕਾਰ ਵਿਹਾਰ ਲਕੜਾਂ ਦਾ ਕਰਦੇ ਸਨ, ਚੋਬ ਸੌਦਾਗਰ ਸਨ। ਲੱਖਾਂ ਦੀ ਜਾਇਦਾਦ ਤਾਂ ਨਹੀਂ ਸੀ ਪਰ ਰੋਟੀ ਰੱਜ ਖਾਂਦੇ ਸਨ। ਇਕ ਵਾਰ ਮਾਲ ਡੇਢ੍ਹ ਹਜ਼ਾਰ ਦਾ ਖਰੀਦਿਆ ਤੇ ਜੇਹਲਮ ਬੇੜੇ ਬਣਵਾ ਕੇ ਰਖਵਾ ਦਿਤਾ ਕਿ ਦਰਯਾ ਵਿੱਚ ਸੁੱਟੇ ਜਾਣ ਤਾਂ ਆ ਜਾਏ, ਆਪ ਏਥੇ ਆ ਗਏ। ਸਜਣਾਂ ਮਿਤ੍ਰਾਂ ਵਿਚ ਬੈਠੇ ਸਨ ਕਿ ਜਿਹਲਮ ਤੋਂ ਕਾਰਦਾਰ ਦੀ ਤਾਰ ਆ ਗਈ ਕਿ ਦਰਿਆ ਬੜਾ ਚੜ੍ਹਿਆ ਹੈ ਤੇ ਸ਼ਤੀਰੀਆਂ ਜਿੰਨੀਆਂ ਵੀ ਕਿਨਾਰੇ ਤੇ ਪਈਆਂ ਸਨ ਸਭਨਾਂ ਦਾ ਮਾਲ ਰੁੜ੍ਹ ਗਿਆ ਹੈ। ਡੇਢ੍ਹ ਹਜ਼ਾਰ ਦਾ ਨੁਕਸਾਨ ਸੁਣ ਕੇ ਆਪ ਨਿਰਾਸਤਾ ਵਿਚ ਨਹੀਂ ਗਏ, ਸਾਹਮਣੇ ਭਾਈ ਆਗਯਾ ਸਿੰਘ ਜੀ, ਅੰਮ੍ਰਿਤਸਰ ਦੇ ਜੋ ਚੰਗੇ ਸਿਆਣੇ ਤੇ ਸਜਨ ਪੁਰਖ ਹੋ ਗੁਜ਼ਰੇ ਹਨ, ਬੈਠੇ ਸਨ, ਉਨ੍ਹਾਂ ਨੂੰ ਆਪ ਕਹਿਣ ਲਗੇ: ਧੰਨ ਸਤਿਗੁਰੂ ਹੈ ਜਿਸ ਨੇ ਇਕ ਭਾਰੀ ਭਾਰ ਹੇਠੋਂ ਮੈਨੂੰ ਕੱਢਿਆ ਹੈ, ਚੱਲ ਉੱਠ ਦਰਬਾਰ ਸਾਹਿਬ ਚਲੀਏ ਤੇ ਪੰਜ ਰੁਪਏ ਦਾ ਕੜਾਹ ਪ੍ਰਸ਼ਾਦ ਕਰਵਾਈਏ। ਭਾਈ ਆਗਯਾ ਸਿੰਘ ਜੀ ਅਗੋਂ ਬੋਲ ਨਹੀਂ ਸਨ ਸਕਦੇ, ਬਿਨਾਂ ਹੀਲ ਹੁੱਜਤ ਉਠੇ ਤੇ ਕੜਾਹ ਪ੍ਰਸ਼ਾਦ ਕਰਵਾਯਾ। ਦੋ ਹਫਤੇ ਤੋਂ ਬਾਦ ਕਾਰਦਾਰ ਦੀ ਫਿਰ ਤਾਰ ਆਈ ਕਿ ਜਿਹਲਮ ਤੋਂ ਦੋ ਮੀਲ ਹੇਠ ਆਪ ਦੇ ਮਾਲ ਵਿਚੋਂ ਪੰਜ ਸੌ ਦਾ ਮਾਲ ਦਰਯਾ ਬਰੇਤੀ ਉਤੇ ਸੁੱਟ ਗਿਆ ਹੈ। ਆਪ ਸੁਣ ਕੇ ਫਿਰ ਉਸੇ ਸ਼ੁਕਰ ਵਿੱਚ 'ਧੰਨ ਸਤਿਗੁਰੂ' ਬੋਲ ਉਠੇ ਤੇ ਭਾਈ ਆਗਯਾ ਸਿੰਘ ਜੀ ਨੂੰ ਕਹਿਣ ਲਗੇ, ਚੱਲ ਬਈ ਪੰਜ ਰੁਪਯੇ ਦਾ ਕੜਾਹ ਪ੍ਰਸ਼ਾਦ ਤੇ ਅਰਦਾਸ ਕਰਾਈਏ। ਉਸੇ ਤਰ੍ਹਾਂ ਇਹ ਬੀ ਕਾਰਜ ਸਿਰੇ ਚਾੜ੍ਹਿਆ ਗਿਆ। ਦੋ ਕੁ ਹਫਤੇ ਤੋਂ ਬਾਦ ਫ਼ਿਰ ਕਾਰਦਾਰ ਦਾ ਤਾਰ ਆਇਆ ਕਿ ਆਪ ਦੀ ਹਜ਼ਾਰ ਰੁਪਏ ਦੀ ਲਕੜੀ ਵੀ ਬਚ ਗਈ ਹੈ ਤੇ ਫਲਾਨੇ ਥਾਂ ਦਰਯਾ ਨੇ ਬਾਹਰ ਉਛਾਲ ਕੇ ਸਿਟ ਦਿਤੀ ਹੈ ਤੇ ਬੇੜੇ ਉਸੇ ਤਰ੍ਹਾਂ ਬੱਧੇ ਹੋਏ ਹਨ ਤੇ ਜਿਥੇ ਹੋਰਨਾਂ ਦਾ ਹਜ਼ਾਰਾਂ ਦਾ ਨੁਕਸਾਨ ਹੋ ਗਿਆ ਹੈ ਓਥੇ ਆਪ ਦੀ ਇਕ ਬੀ ਸ਼ਤੀਰੀ ਨਹੀਂ ਖਰਾਬ ਹੋਈ ਯਾ ਗੁੰਮ ਹੋਈ। ਇਤਫਾਕ ਨਾਲ ਭਾਈ ਆਗਯਾ ਸਿੰਘ ਜੀ ਬੀ ਤਦੋਂ ਓਥੇ ਕੋਲ ਹੀ ਬੈਠੇ ਸਨ, ਆਪ ਨੇ ਉਨ੍ਹਾਂ ਨੂੰ ਉਸੇ ਤਰ੍ਹਾਂ ਉਤਸ਼ਾਹ ਵਿੱਚ ਕਿਹਾ, ਕਿ ਚੱਲੋ ਭਾਈ ਆਗਯਾ ਸਿੰਘ ਜੀ ਗੁਰੂ ਦਰਬਾਰ ਚੱਲੀਏ ਤੇ ਕੜਾਹ ਪ੍ਰਸ਼ਾਦ ਪੰਜਾਂ ਰੁਪਯਾਂ ਦਾ ਕਰਾਈਏ। ਭਾਈ ਆਗਯਾ ਸਿੰਘ ਜੀ ਕਹਿਣ ਲਗੇ ਅਗੇ ਤਾਂ ਅਸੀਂ ਸਤਿ ਬਚਨ ਕਹਿ ਕੇ ਟੁਰ ਪੈਂਦੇ ਰਹੇ ਹਾਂ, ਅੱਜ ਪੁੱਛ ਕੇ ਫਿਰ ਹਿੱਲਣਾ ਹੈ ਕਿ ਕੀ ਕਾਰਨ ਹੈ ਕੜਾਹ ਪ੍ਰਸ਼ਾਦ ਕਰਾਨ ਦਾ। ਪਿਛਲਾ ਤੇ ਅੱਜ ਦਾ ਤਾਂ ਭਲਾ ਕੁਝ ਸਮਝਿਆ ਕਿ ਕੜਾਹ ਪ੍ਰਸ਼ਾਦ ਕਰਾਉਣ ਦਾ ਕੁਝ ਅਰਥ ਹੈ, ਪਰ ਸਭ ਤੋਂ ਪਹਿਲਾਂ ਕਿਉਂ ਕੜਾਹ ਪ੍ਰਸ਼ਾਦ ਕਰਾਯਾ ਗਿਆ? ਆਪ ਕਹਿਣ ਲਗੇ ਕਿ ਮਾਲ ਡੇਢ੍ਹ ਹਜ਼ਾਰ ਦਾ ਰੁੜ ਗਿਆ, ਮਾਲ ਤਾਂ ਗਿਆ ਪਰ ਗੁਰੂ ਕਿਉਂ ਜਾਏ, ਫੌਰਨ ਕੋਸ਼ਿਸ਼ ਕੀਤੀ ਕਿ ਕਿਸੇ ਤਰ੍ਹਾਂ ਅਫਸੋਸ ਦਾ ਭਾਵ ਚਿਤ ਵਿਚ ਆਵੇ ਹੀ ਨਾ, ਤੇ ਨਾ-ਸ਼ੁਕਰੀ ਵਲ ਤਬੀਅਤ ਜਾਏ ਹੀ ਨਾ, ਅਰਦਾਸ ਵਿਚ ਹੋ ਜਾਵਾਂ ਤੇ ਸ਼ੁਕਰ ਵਿਚ ਦ੍ਰਿੜ ਰਹਾਂ। ਇਹ ਸੀ ਕਾਰਨ ਪਹਿਲੀ ਵੇਰ ਦੇ ਅਰਦਾਸੇ ਦਾ। ਦੂਜੀ ਵੇਰ ਤੁਸੀਂ ਸਮਝਦੇ ਹੀ ਹੋ ਕਿ ਸ਼ੁਕਰ ਕੀਤਾ ਕਿ ਸਚੇ ਪਾਤਸ਼ਾਹ ਧੰਨ ਹੈ ਤੂੰ ਜਿਸ ਨੇ ਰੋਟੀ ਜੋਗਾ ਤਾਂ ਫਿਰ ਕਰ ਦਿਤਾ ਹੈ ਤੇ ਹੁਣ ਸਭ ਕੁਝ ਹੀ ਬਚਾ ਦਿਤਾ ਹੈ।

**–ਗੁਰਮੁਖ ਜੀਵਨ**

# ਕਰੋਨਾ-ਕਾਲ ਵਿਚ ਕਵਿਤਾਵਾਂ ਦੇ ਸੁਨੇਹੇ
## (ਭਾਈ ਵੀਰ ਸਿੰਘ ਦੀ ਕਾਵਿ-ਰਚਨਾ ਦੇ ਪ੍ਰਸੰਗ ਵਿਚ)

❖ ਡਾ. ਭੁਪਿੰਦਰ ਕੌਰ 'ਕਵਿਤਾ'

ਡਾ. ਭਾਈ ਵੀਰ ਸਿੰਘ ਜੀ 'ਕੁਦਰਤ ਦੇ ਕਵੀ' ਵਜੋਂ ਜਾਣੇ ਜਾਂਦੇ ਹਨ। ਉਹਨਾਂ ਦੀਆਂ ਕਵਿਤਾਵਾਂ ਵਿਚ ਬਨਸਪਤੀ, ਜੀਵ-ਜੰਤੂ, ਪਸ਼ੂ-ਪੰਛੀ, ਗੱਲ ਕੀ ਸਭ ਪ੍ਰਕਿਰਤਕ-ਵਰਤਾਰਿਆਂ ਦਾ ਮਾਨਵੀਕਰਨ ਹੁੰਦਾ ਹੈ, ਭਾਈ ਸਾਹਿਬ ਇਹਨਾਂ ਸਭ ਵਰਤਾਰਿਆਂ ਨਾਲ ਦਿਲ ਦੇ ਵਲਵਲੇ ਸਾਂਝੇ ਕਰਦੇ ਹਨ ਤੇ ਸੰਵਾਦ ਰਚਾਉਂਦੇ ਹਨ। ਅਜਿਹੀ ਸੰਵੇਦਨਾ ਪ੍ਰਕਿਰਤੀ ਦੇ ਵਿਚ ਰਸੇ ਤੇ ਰਮੇ ਕਾਦਰ ਨਾਲ ਇਕਮਿੱਕਤਾ ਵਿਚੋਂ ਹੀ ਉਪਜਦੀ ਹੈ। ਕੁਦਰਤ ਵਿਚ ਕਾਦਰ ਨੂੰ ਹਾਜ਼ਰ ਨਾਜ਼ਰ ਜਾਨਣ ਵਾਲਾ ਰਹੱਸਵਾਦੀ ਕਵੀ ਮਨੁੱਖਾਂ ਦੇ ਦਰਦ ਪ੍ਰਤੀ ਵੀ ਜ਼ਰੂਰ ਦਰਦਮੰਦ ਹੋਵੇਗਾ। **ਲਹਿਰਾਂ ਦੇ ਹਾਰ** ਵਿਚ ਸੰਕਲਿਤ ਇਕ ਰੁਬਾਈ ਦਾ ਸਿਰਲੇਖ ਹੈ 'ਦਰਦ ਦੇਖ ਦੁਖ ਆਂਦਾ'। ਭਾਈ ਸਾਹਿਬ ਦਾ ਦੁਨੀਆ ਦੇ ਦੁੱਖਾਂ ਪ੍ਰਤੀ ਭਾਵਨਾਵਾਂ ਦਾ ਪ੍ਰਗਟਾਵਾ ਇਉਂ ਹੁੰਦਾ ਹੈ :

ਦੁਨੀਆ ਦਾ ਦੁਖ ਦੇਖ ਦੇਖ ਦਿਲ<br>
ਦਬਦਾ ਦਬਦਾ ਜਾਂਦਾ,<br>
ਅੰਦਰਲਾ ਪੰਘਰ ਵਗ ਟੁਰਦਾ<br>
ਨੈਣੋਂ ਨੀਰ ਵਸਾਂਦਾ,<br>
ਫਿਰ ਵੀ ਦਰਦ ਨ ਘਟੇ ਜਗਤ ਦਾ<br>
ਚਾਹੇ ਆਪਾ ਵਾਰੋ,<br>
ਪਰ ਪੱਥਰ ਨਹੀਂ ਬਣਿਆ ਜਾਂਦਾ<br>
ਦਰਦ ਦੇਖ ਦੁਖ ਆਂਦਾ।

ਦਰਸ-ਪਯਾਸ ਵਾਲੇ ਨੈਣਾਂ ਵਿਚ ਸਭਨੀਂ ਥਾਈਂ ਤੇ ਸਭਨਾਂ ਵਿਚ ਕਾਦਰ ਦੇ ਝਲਕਾਰੇ ਵਜਦੇ ਹਨ, ਅਜਿਹੇ ਨੈਣ ਦੁਨੀਆ ਦੇ ਦੁੱਖ ਵੇਖ ਕਿਵੇਂ ਨਾ ਕਮ ਹੋਣ, ਜਗਤ ਦੇ ਦਰਦ ਅਣਗਿਣਤ ਹਨ, ਅਮਿਣਵੇਂ ਹਨ, ਅਜੋਕੇ ਸਮੇਂ ਵਿਚ ਕਰੋਨਾ ਦੀ ਮਹਾਮਾਰੀ ਸਮੇਂ ਅਜਿਹੀ ਕਵਿਤਾ ਦਾ ਸੱਚ ਸਾਰਥਕਤਾ ਤੇ ਪਰਿਪੂਰਨ ਜਾਪਦਾ ਹੈ ਜਦ ਦਿਨ-ਬ-ਦਿਨ ਬੀਮਾਰਾਂ ਤੇ ਮੌਤਾਂ ਦੀ ਗਿਣਤੀ ਵਧਦੀ ਜਾਂਦੀ ਹੈ। ਮਹਾਮਾਰੀ ਕਾਰਨ ਦੁੱਖਾਂ ਤੇ ਦਰਦਾਂ ਦੀਆਂ ਅਨੇਕ ਘਟਨਾਵਾਂ ਤੇ ਕਹਾਣੀਆਂ ਵਾਪਰ ਰਹੀਆਂ ਹਨ। ਕੁਝ ਕਰ ਸਕਣ ਦੇ ਸਮਰੱਥ ਹੋਣਾ ਜਾਂ ਨਾ ਹੋਣਾ ਵੱਖਰੀ ਗੱਲ ਹੈ, ਪਰ ਦਰਦ ਦਾ ਅਹਿਸਾਸ ਹੋਣਾ ਵੱਡੀ ਗੱਲ ਹੈ। ਦੁਨੀਆ ਦੇ ਦੁੱਖਾਂ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਲੋੜ ਹੈ। ਜਗਤ ਦੇ ਦੁੱਖ-ਦਰਦ ਘਟਾਉਣ ਲਈ ਕੀਤੇ ਯਤਨਾਂ ਵਿਚ ਆਪਾ ਵਾਰਨਾ ਹੈ, ਰੱਬ ਦੇ ਹੱਥ-ਵਸ ਹੈ। ਡਾ. ਭਾਈ ਵੀਰ ਸਿੰਘ ਜੀ ਪ੍ਰਭੂ ਦੀ ਅਪਾਰ ਬਖ਼ਸ਼ਿਸ਼ ਦੇ ਵਿਸ਼ਵਾਸੀ ਹਨ। ਉਹਨਾਂ ਦੀਆਂ ਕਾਵਿ ਸਤਰਾਂ 'ਬਖਸ਼ਣ ਵਾਲਾ ਮਿਤੋਂ ਬਾਹਰ, ਅਸੀਂ ਮਿੱਤ ਵਿਚ ਭਾਈ!' ਦਾ ਅਨੁਸਾਰੀ ਬਖਸ਼ਿਸ਼ ਦਾ ਵਿਸ਼ਵਾਸੀ ਹੋ ਜਾਂਦਾ ਹੈ ਤੇ ਉਸ ਦੀ ਜਿੰਦ ਬਖਸ਼ਿਸ਼ ਤੇ ਕਰਮ ਨਾਲ ਖਿੜਦੀ ਹੈ।

**ਬਿਜਲੀਆਂ ਦੇ ਹਾਰ** ਦੀ ਪਹਿਲੀ ਕਵਿਤਾ 'ਉੱਚੀ ਹੁਣ' ਦਾ ਸੰਦੇਸ਼ ਸਦੀਵਤਾ ਨਾਲ ਜੋੜਦਾ ਹੈ।

'ਯਾਦ' 'ਸਹਿਮ' ਤੇ 'ਸੋਚ' ਨੂੰ<br>
ਹੇ 'ਕਾਲ ਅਕਾਲ' ਸਦਾ ਤੂਹੀਂ!<br>
ਤ੍ਰੈ ਕਾਲ ਭੁੱਲ ਤੋਂ ਕੱਢ ਕੇ<br>
'ਹੁਣ ਉੱਚੀ', ਵਿਚ ਟਿਕਾ ਦਈਂ।

ਫ਼ਿਕਰਾਂ ਤੇ ਕਰੋਨਾ ਦੇ ਜ਼ਿਕਰਾਂ ਵਿਚ ਗ੍ਰਸਤ ਕਨੁੱਖ ਨੂੰ 'ਹੁਣ' ਦੇ ਛਿਣ ਦੀ ਸੋਚ ਤੋਂ ਛੁਟਕਾਰਾ ਮਿਲਦਾ ਹੈ। ਆਉਣ ਵਾਲੇ 'ਸਮੇਂ' ਦਾ ਸਹਿਮ ਮੁੱਕਦਾ ਹੈ। ਇਉਂ ਹੀ 'ਅੱਜ' ਕਵਿਤਾ ਚਿੰਤਾਵਾਂ ਤੋਂ ਮੁਕਤ ਹੋ ਕੇ ਹਰਿ-ਰਸ ਦੇ ਵਿਚ ਖੀਵੇ ਹੋ ਹਰਿ-ਰੰਗ ਤੇ ਹਰੀ ਦੀ ਕੀਰਤ ਨੂੰ ਮਾਨਣ ਲਈ ਪ੍ਰੇਰਨਾ ਕਰਦੀ ਹੈ।

ਭਾਈ ਵੀਰ ਸਿੰਘ ਜੀ ਦੇ ਕਾਵਿ-ਅੰਬਰ ਤੇ ਜਦ ਆਸ ਦੇ ਬੱਦਲ ਛਾ ਜਾਂਦੇ ਹਨ ਤਾਂ ਫੇਰ ਮੀਂਹ ਵੀ ਮਿਹਰ ਦਾ ਹੀ ਵਰਸਣਾ ਹੈ। 'ਅਰਸ਼ਾਂ ਦੀ ਅਵਾਜ਼' ਗੀਤ ਵਿਚ ਵਲਵਲਿਆਂ ਨੂੰ ਇਉਂ ਕਾਵਿ-ਬੱਧ ਕੀਤਾ ਹੈ :

ਜੇ ਕਲਗੀਆਂ ਵਾਲਾ ਆਵੇ ਨੀਂ,<br>
ਇਕ ਝਾਤ ਪਯਾਰ ਦੀ ਪਾਵੇ ਨੀਂ,<br>
'ਮੈਂ ਆਯਾ' ਆਖ ਸੁਣਾਵੇਂ ਨੀਂ,<br>
ਏ ਸੱਦ ਜਦੋਂ ਕੰਨ ਲਹਿੰਦੀ ਏ,<br>
ਜਿੰਦ ਸੁਣਦੀ ਜੀਉਂ ਜੀਉਂ ਪੈਂਦੀ ਏ।

'ਮੈਂ ਆਯਾ' ਦੇ ਇਲਾਹੀ ਰਾਗ ਵਿਚ 'ਤੂੰ ਮੇਰਾ' ਦਾ ਗੀਤ ਗਾਉਂਦਿਆਂ 'ਮੈਂ ਤੇਰਾ' ਦੇ ਨਾਦ ਵਿਚ ਅਰਸ਼ੀ ਸੱਦ ਸੁਣਦੀ ਹਾਂ ਤਾਂ ਮਹਾਮਾਰੀਆਂ ਦੇ ਡਰ ਭੁਓ ਦੀ ਥਾਵੇਂ ਨਾਮ ਦੇ ਮਹਾਂ ਰਸ ਦਿਲ-ਦਿਮਾਗ਼ ਤੇ ਛਾ ਜਾਂਦੇ ਹਨ। ਡਾ. ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਸਹਿਮੇ, ਕੰਬੇ ਤੇ ਹੌਸਲਾ ਹਾਰੇ ਹਿਰਦਿਆਂ ਨੂੰ ਨਾਮ ਦੀ ਕਲੀਆਂ ਨਾਲ ਠਾਰ ਕੇ ਸੀਤਲਤਾ ਬਖ਼ਸ਼ ਹਿਰਦੇ ਨੂੰ ਹੁਲਾਸ ਨਾਲ ਭਰਪੂਰ ਕਰਦੀਆਂ ਹਨ। 'ਹੀਰਾ ਜਨਮ' ਨਾਂ ਦੇ ਗੀਤ ਵਿਚ ਜਗਤ ਜਲੰਦੇ ਨੂੰ ਠਾਰਨ ਦੀ ਜੁਗਤ ਸਾਂਝੀ ਕਰਦਿਆਂ ਭਾਈ ਸਾਹਿਬ ਆਖਦੇ ਹਨ :

ਜਯੋਂ ਬੱਦਲ ਟੁਰਦਾ ਮਲਕੜੇ,<br>
ਛਾਂ ਠੰਢੀ ਦੇਈ ਜਾਂਵਦਾ<br>
ਤਯੋਂ ਨਾਨਕ ਸਤਿਗੁਰ ਆਇਆ<br>
ਜਗ ਜਲਦਾ ਠਾਰ ਦਿਖਾਇਆ<br>
ਓ ਤ੍ਰੁਠ ਤ੍ਰੁਠ ਵਸਦਾ ਦਯਾਲ ਹੋ।

ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ 'ਚੋਂ ਅਰਦਾਸ ਕੰਨੀ ਪੈਂਦੀ ਹੈ ਕਿ ਮਿਹਰਾਂ ਦਾ ਮੀਂਹ ਵਰਸਦਾ ਰਹੇ, ਅਣਮੁੱਲੇ ਸੁੱਖ ਵਰਤਦੇ ਰਹਿਣ ਤੇ ਘਰ ਘਰ ਕਿਰਪਾਲੂ ਪ੍ਰਭੂ ਜੀ ਦਾ ਜਸ ਹੁੰਦਾ ਰਹੇ।

ਮੋ: 9888084503

# ਫ਼ਤਵਿਆਂ ਦੀ ਵਰਣਮਾਲਾ

❖ **ਵਰਿੰਦਰ ਵਾਲੀਆ**

ਪੱਥਰ-ਯੁੱਗ ਨਾਲ ਮਨੁੱਖ ਦੀ ਹੋਣੀ ਹਰ ਜ਼ਾਵੀਏ ਤੋਂ ਬਦਲਣੀ ਸ਼ੁਰੂ ਹੋ ਗਈ ਸੀ। ਪੱਥਰ-ਯੁੱਗ ਵਿੱਚ ਪੱਥਰਾਂ ਤੋਂ ਬਣੇ ਹਥਿਆਰਾਂ ਨੇ ਸ਼ਿਕਾਰ ਦੀ ਛਾਤੀ ਵਿੰਨ੍ਹਣ ਦੀ ਸ਼ੁਰੂਆਤ ਕੀਤੀ ਜਦੋਂਕਿ ਪੱਥਰਾਂ ਵਿੱਚੋਂ ਲੱਭੀ ਅੱਗ ਨੇ ਮਾਸ ਰਿੰਨ੍ਹਣ ਦਾ ਮੁੱਢ ਬੰਨ੍ਹਿਆ।

ਦੂਜੇ ਪਾਸੇ, ਅੱਖਰ-ਬੋਧ ਨੇ ਜਿੱਥੇ ਪੱਥਰ ਦਿਲਾਂ ਨੂੰ ਪਿਘਲਾਉਣਾ ਸ਼ੁਰੂ ਕੀਤਾ, ਉੱਥੇ ਕੌੜੇ ਤੇ ਕੁਸੈਲੇ ਅੱਖਰ, ਪੱਥਰਾਂ ਨੂੰ ਵੀ ਮਾਤ ਪਾਉਣ ਲੱਗ ਪਏ।

ਦੁਨੀਆ ਦੀ ਕੋਈ ਵੀ ਵਰਣਮਾਲਾ ਸਮੁੰਦਰ ਤੋਂ ਵੱਧ ਡੂੰਘੀ ਤੇ ਵਿਸ਼ਾਲ ਹੁੰਦੀ ਹੈ। ਗੁਰਮੁਖੀ ਦੀ ਪੈਂਤੀ-ਅੱਖਰੀ ਅਰਬਾਂ-ਖਰਬਾਂ ਵਾਕ ਬਣਾਉਣ ਦੇ ਸਮਰੱਥ ਹੈ। ਹਰਫ਼ਾਂ ਦੇ ਸਰੋਤ ਅਮੁੱਕ ਹੁੰਦੇ ਹਨ, ਕਦੇ ਨਹੀਂ ਸੁੱਕਦੇ।

ਕਈ ਸਦੀਆਂ ਪਾਣੀ ਵਿੱਚ ਡੁੱਬੇ ਰਹਿਣ ਦੇ ਬਾਵਜੂਦ ਪੱਥਰਾਂ ਵਿੱਚ ਚੰਗਿਆੜੇ ਮਹਿਫ਼ੂਜ਼ ਰਹਿ ਸਕਦੇ ਹਨ। ਇਸ ਦੇ ਉਲਟ ਅੱਖਰਾਂ ਵਿੱਚ ਅੰਗਿਆਰ ਤੇ ਉਨ੍ਹਾਂ ਨੂੰ ਬੁਝਾਉਣ ਵਾਲਾ ਪਾਣੀ ਇੱਕੋ ਜਿੰਨੀ ਮਾਤਰਾ ਵਿੱਚ ਮੌਜੂਦ ਹੁੰਦਾ ਹੈ। ਸੁੱਚੀ ਕਾਨੀ ਨਾਲ ਲਿਖੇ ਹਰਫ਼ ਆਸਮਾਨ ਵਿੱਚ ਲਿਖੀ ਜਾਂਦੀ ਤਾਰਿਆਂ ਦੀ ਇਬਾਰਤ ਵਾਂਗ ਹਮੇਸ਼ਾਂ ਅਮਰ ਰਹਿੰਦੇ ਹਨ।

ਭਾਸ਼ਾ ਦੀ ਉਤਪਤੀ ਅਤੇ ਵਿਕਾਸ ਬਾਰੇ ਵਿਦਵਾਨ ਇਕਮੱਤ ਨਹੀਂ ਹਨ। ਰੱਬ ਜਾਣੇ, ਖ਼ੁਦਾ ਨੇ ਬਾਬਾ ਆਦਮ ਤੇ ਹਵਾ ਨੂੰ ਕਿਸ ਭਾਸ਼ਾ ਵਿੱਚ 'ਅਦਨ ਬਾਗ' ਦੇ 'ਵਰਜਿਤ ਫ਼ਲ' ਖਾਣ ਤੋਂ ਰੋਕਿਆ ਹੋਵੇਗਾ। ਮਿਥਿਹਾਸ ਨੂੰ ਇਤਿਹਾਸ ਮੰਨਣ ਵਾਲੇ ਲੋਕ ਜ਼ਰੂਰ ਕਹਿਣਗੇ ਕਿ ਸ਼ੈਤਾਨ ਨੂੰ ਉਸ ਭਾਸ਼ਾ ਦਾ ਪੂਰਾ ਗਿਆਨ ਹੋਵੇਗਾ ਜਿਸ ਕਰਕੇ ਉਹ ਬਾਬਾ ਆਦਮ ਤੇ ਹਵਾ ਨੂੰ ਵਰਜਿਤ ਫ਼ਲ ਖਾਣ ਲਈ ਉਕਸਾਉਣ ਵਿੱਚ ਕਾਮਯਾਬ ਹੋ ਗਿਆ ਸੀ। ਕੁਝ ਧਾਰਮਿਕ ਗ੍ਰੰਥਾਂ ਮੁਤਾਬਕ ਖ਼ੁਦਾ ਨੇ ਆਪਣਾ ਹਮਸ਼ਕਲ ਮਿੱਟੀ ਤੋਂ ਬਣਾਇਆ ਸੀ, ਜਿਸ ਨੂੰ ਮਿਥਿਹਾਸ ਵਿੱਚ 'ਬਾਬਾ ਆਦਮ' ਕਰਕੇ ਸਤਿਕਾਰਿਆ ਜਾਂਦਾ ਹੈ। ਜੇ ਬਾਬਾ ਆਦਮ ਤੇ ਹਵਾ, ਸ਼ੈਤਾਨ ਦੀ ਭਾਸ਼ਾ ਦੀ ਰਮਜ਼ ਸਮਝਦੇ ਹੁੰਦੇ ਤਾਂ ਉਨ੍ਹਾਂ ਸਵਰਗ ਵਿੱਚੋਂ ਨਹੀਂ ਸੀ ਛੇਕੇ ਜਾਣਾ। ਸ਼ੈਤਾਨ ਵੱਲੋਂ ਵਰਗਲਾਏ ਜਾਣ ਤੋਂ ਬਾਅਦ ਖ਼ੁਦਾ ਨੇ ਆਪਣੇ ਹਮਸ਼ਕਲ ਨੂੰ ਸਰਾਪ ਦਿੱਤਾ ਸੀ ਕਿ ਆਦਮ ਦੀ ਜ਼ਾਤ ਮਿਹਨਤ-ਮੁਸ਼ੱਕਤ ਕਰਕੇ ਗੁਜ਼ਾਰਾ ਕਰੇ ਅਤੇ ਮੌਤ ਦਾ ਸ਼ਿਕਾਰ ਹੋਵੇ।

ਬਾਬਾ ਆਦਮ ਨੂੰ 'ਅਦਨ ਬਾਗ਼' 'ਚੋਂ ਛੇਕਿਆ ਨਾ ਜਾਂਦਾ ਤਾਂ ਕਿਸੇ ਦੂਜੀ ਭਾਸ਼ਾ ਦਾ ਸ਼ਾਇਦ ਜਨਮ ਹੀ ਨਾ ਹੁੰਦਾ। ਇਸ ਮਿਥਿਹਾਸਕ ਜਲਾਵਤਨੀ ਤੋਂ ਬਾਅਦ ਅਣਕਿਆਸੇ ਕਸ਼ਟ ਤੇ ਦੁਨਿਆਵੀ ਠੋਕਰਾਂ, ਆਦਮ-ਜ਼ਾਤ ਦੀ ਹੋਣੀ ਬਣ ਗਏ। ਪਿਆਰ ਤੇ ਨਫ਼ਰਤ ਦੀ ਵੱਖਰੀ-ਵੱਖਰੀ ਵਿਆਕਰਨ ਨੇ ਵੱਖ-ਵੱਖ ਭਾਸ਼ਾਵਾਂ ਨੂੰ ਜਨਮ ਦੇਣਾ ਸ਼ੁਰੂ ਕਰ ਦਿੱਤਾ। ਸੰਚਾਰ ਦੇ ਘੱਟ ਸਾਧਨਾਂ ਕਰਕੇ ਬਾਰ੍ਹਾਂ ਕੋਹਾਂ ਬਾਅਦ ਬੋਲੀ ਬਦਲਣ ਲੱਗ ਪਈ। 'ਅਦਨ ਬਾਗ਼' ਦੀ ਖ਼ੁਦਾ ਵੱਲੋਂ 'ਪ੍ਰਵਾਨਤ' 'ਟਕਸਾਲੀ ਬੋਲੀ' ਕਈ ਬਟਿਆਂ ਵਿੱਚ ਵੰਡੀ ਗਈ। ਭਾਸ਼ਾ ਨੇ ਸੱਭਿਅਕ ਤੇ ਅਸੱਭਿਅਕ, ਨਾਇਕ ਤੇ ਖਲਨਾਇਕ ਦਾ ਨਿਖੇੜਾ ਕਰਨਾ ਸ਼ੁਰੂ ਕਰ ਦਿੱਤਾ।

ਕੁਦਰਤੀ ਆਫ਼ਤਾਂ ਦੇ ਭੈਅ ਨੇ ਆਦਮ-ਜ਼ਾਤ ਨੂੰ ਰੱਬ ਦੀ ਹੋਂਦ ਦਾ ਅਹਿਸਾਸ ਕਰਵਾਉਣਾ ਸ਼ੁਰੂ ਕਰ ਦਿੱਤਾ। ਬਾਹੂ-ਬਲ ਵਾਲਿਆਂ ਨੇ ਕੁਦਰਤ ਨਾਲ ਆਢਾ ਲੈਣ ਨੂੰ ਤਰਜੀਹ ਦਿੱਤੀ। ਅੱਖਰ-ਬੋਧ ਤੋਂ ਬਾਅਦ ਗਿਆਨ, ਪੀੜ੍ਹੀ-ਦਰ-ਪੀੜ੍ਹੀ ਸਾਂਭਣਯੋਗ ਬਣ ਗਿਆ। ਇਸ ਬੋਧ ਦੀ ਘਾਟ ਕਰਕੇ ਆਦਮ-ਜ਼ਾਤ, ਜਾਨਵਰਾਂ ਨਹੀ 'ਵਿਧਾਤਾ' ਬਣ ਗਈ। ਇਹ ਪਾੜਾ ਕਦੇ ਵੀ ਪੂਰਾ ਨਹੀਂ ਹੋ ਸਕਣਾ। ਕਈ ਵਾਰ 'ਅਸੱਭਿਅਕ' ਸ਼ਬਦ ਬੋਲਣ ਕਰਕੇ ਆਦਮ-ਜ਼ਾਤ ਨੂੰ 'ਜਾਨਵਰ' ਦੇ ਤੁੱਲ ਸਮਝਿਆ ਜਾਂਦਾ ਹੈ। ਚੰਗੇ ਕਰਮ 'ਸੁਨਹਿਰੀ ਅੱਖਰਾਂ' ਜਾਂ 'ਬਲੌਰੀ ਅੱਖਰਾਂ' ਨਾਲ ਲਿਖੇ ਸਮਝੇ ਜਾਂਦੇ ਹਨ। ਵਰਣਮਾਲਾ ਵਿੱਚੋਂ ਚੁਣੇ ਹਰਫ਼ਾਂ ਨੂੰ ਤਰਤੀਬ ਦੇਣ ਵਿੱਚ ਹੀ ਸੱਭਿਅਕ ਤੇ ਅਸੱਭਿਅਕ ਦੇ ਫ਼ਰਕ ਦੀ ਰਮਜ਼ ਛੁਪੀ ਹੋਈ ਹੈ। ਬਾਰ੍ਹਵੀਂ ਸਦੀ ਵਿੱਚ ਪੰਜਾਬੀ ਦੇ ਆਦਿ-ਕਵੀ ਬਾਬਾ ਫ਼ਰੀਦ ਨੇ ਮਾੜੇ ਕਰਮ ਕਰਨ ਵਾਲਿਆਂ ਨੂੰ 'ਕਾਲੇ ਲੇਖ' ਲਿਖਣ ਦੀ ਤਸ਼ਬੀਹ ਦਿੱਤੀ ਹੈ :

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥** (ਅੰਗ ੧੩੭੮)

ਹਰਫ਼ਾਂ ਦੀ ਮਹਾਨਤਾ ਹੀ ਉਨ੍ਹਾਂ ਦੀ ਚੋਣ 'ਤੇ ਨਿਰਭਰ ਕਰਦੀ ਹੈ। ਅਕਾਲ ਪੁਰਖ ਦੀ ਉਸਤਿਤ ਲਈ ਭੇਟਾ ਕੀਤੇ ਅੱਖਰ ਸੁਨਹਿਰੀ ਭਾਹ ਮਾਰਦੇ ਹਨ :

**ਅਖਰੀ ਨਾਮੁ ਅਖਰੀ ਸਾਲਾਹ॥**
**ਅਖਰੀ ਗਿਆਨੁ ਗੀਤ ਗੁਣ ਗਾਹ॥...** (ਜਪੁ ਜੀ)


ਜਿਵੇਂ ਗੁਰਬਾਣੀ ਵਿੱਚ ਆਤਮਾ ਤੇ ਪਰਮਾਤਮਾ ਦੀ ਇਕਮਿਕਤਾ ਦਾ ਵਰਨਣ ਦਰਜ ਹੈ : "ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ," ਤਿਵੇਂ ਪੈਂਤੀ-ਅੱਖਰੀ ਅਤੇ ਗਿਆਨ ਦੇ ਅਥਾਹ ਭੰਡਾਰ ਦਾ ਰਿਸ਼ਤਾ ਹੈ। ਭਾਵੇਂ ਵਰਣਮਾਲਾ ਨਾਲ ਕੁਦਰਤ ਦੇ ਪਸਾਰੇ ਨੂੰ ਪੂਰੀ ਤਰ੍ਹਾਂ ਲਿਖਣਾ ਅਸੰਭਵ ਹੈ (ਲੇਖਾ ਹੋਇ ਤ ਲਿਖੀਐ...) ਫਿਰ ਵੀ ਪੈਂਤੀ-ਅੱਖਰੀ ਦਾ ਅਮੁੱਕ ਭੰਡਾਰ ਕੁਦਰਤ ਦੇ ਅਣਗਿਣਤ ਗੁੱਝੇ ਭੇਦਾਂ ਨੂੰ ਵਰਨਣ ਕਰਨ ਵਿੱਚ ਸਹਾਈ ਹੁੰਦਾ ਹੈ।

ਮੈਲੇ ਅੱਖਰ ਲਿਖਣੇ, ਮੈਲ ਢੋਣ ਬਰਾਬਰ ਹਨ। ਜੇ ਮਨਾਂ ਵਿੱਚ ਮੈਲ ਹੋਵੇ ਤਾਂ ਉਸ ਦਾ ਅਕਸ ਅੱਖਰਾਂ ਵਿੱਚ ਦਿਸਣਾ ਕੁਦਰਤੀ ਵਰਤਾਰਾ ਹੈ। ਅੱਖਰਾਂ ਦੀ ਤਰਤੀਬ ਦੇ ਵਿਗਾੜ ਵਿੱਚੋਂ ਪੈਦਾ ਹੋਏ ਮੈਲੇ ਅੱਖਰਾਂ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਢੋਣਾ ਮੁਸ਼ਕਲ ਹੁੰਦਾ ਹੈ। ਮੈਲੇ ਅੱਖਰ ਲਿਖਣ ਵਾਲਿਆਂ ਖ਼ਿਲਾਫ਼ ਕੋਈ ਫ਼ਤਵਾ ਜਾਰੀ ਕਰਨ ਦੀ ਲੋੜ ਨਹੀਂ ਹੁੰਦੀ, ਅਜਿਹੇ ਕਲਮਕਾਰਾਂ ਨੂੰ ਲੋਕ ਵੈਸੇ ਹੀ ਮੂੰਹ ਨਹੀਂ ਲਾਉਂਦੇ। ਸਮੱਸਿਆ ਦੀ ਤੰਦ ਉਦੋਂ ਉਲਝਦੀ ਹੈ ਜਦੋਂ ਕੁਝ ਮੈਲਖ਼ੋਰੇ ਦਿਲਾਂ ਵਾਲੇ ਚੌਧਰੀ, ਭੱਦਰ ਪੁਰਸ਼ਾਂ ਨੂੰ 'ਸਮਾਜ' ਵਿੱਚੋਂ ਛੇਕਣ ਦੇ ਫ਼ਤਵੇ ਜਾਰੀ ਕਰਨ ਦੇ ਰਾਹ 'ਤੇ ਤੁਰ ਪੈਣ। ਕਈ ਵਾਰੀ ਫ਼ਤਵਿਆਂ ਦੀ ਭਾਸ਼ਾ ਅਜਿਹੀ ਹੁੰਦੀ ਹੈ ਜਿਵੇਂ ਛੇਕੇ ਜਾਣ ਵਾਲੇ ਵਿਅਕਤੀ ਨੇ ਕੋਈ ਵਰਜਿਤ ਫ਼ਲ ਚਖ ਲਿਆ ਹੋਵੇ। ਸਮਾਜ ਦੇ ਠੇਕੇਦਾਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਖ਼ੁਦ 'ਅਦਨ ਬਾਗ਼' 'ਚੋਂ ਛੇਕੇ ਹੋਏ ਬਾਬਾ ਆਦਮ ਦੀ ਜ਼ਾਤ ਵਿੱਚੋਂ ਹੀ ਹਨ।

**-ਹਰਫ਼ਾਂ ਦੇ ਆਰ-ਪਾਰ 'ਚੋਂ**

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# 'ਪੀੜਾ-ਹਰਨ' ਦਾਤਾ




ਸੋ ਸਰਬ ਸਾਧਾਰਣ ਨੂੰ ਤਾਰਨ ਦੇ ਨਾਲ ਆਪ ਨੇ ਲੱਭ ਲੱਭ ਕੇ ਵਡੇ ਵਡੇ ਗਦੀਆਂ ਵਾਲਿਆਂ ਦੇ ਤਅੱਸਬ ਦੂਰ ਕਰਕੇ, ਇਹ ਮਤ ਦੇਣੀ ਕਿ ਜਾਤਿ ਦੇ ਫਰਕ ਕਰਕੇ, ਨਸਲ ਦੇ ਫਰਕ ਕਰਕੇ, ਮੁਲਕ ਦੇ ਫਰਕ ਕਰਕੇ ਮਜ਼ਹਬ ਦੇ ਫਰਕ ਕਰਕੇ ਨਫਰਤ ਨਾ ਕਰੋ। ਇਨਸਾਨ ਇਨਸਾਨ ਦਾ ਭਾਈ ਹੈ। ਪਿਆਰ ਕਰੋ, ਖੁਦਾ ਪ੍ਰੇਮ ਹੈ, ਜਿਸਨੂੰ ਸ਼ੈਤਾਨ ਕਹਿੰਦੇ ਹੋ ਉਹ ਨਫਰਤ ਹੈ। ਮਜ਼ਹਬ ਖੁਦਾ ਦੇ ਮਿਲਨੇ ਦਾ ਰਸਤਾ ਹੈ। ਜੋ ਪ੍ਰੇਮ ਸਰੂਪ ਨੂੰ ਮਿਲੇ ਹਨ ਓਹ ਜਦ ਨਫਰਤ ਵਰਤਦੇ ਹਨ ਤਾਂ ਓਹ ਖੁਦਾ ਦੇ ਨਹੀਂ ਰਹਿੰਦੇ, ਸ਼ੈਤਾਨ ਦੇ ਹੋ ਜਾਂਦੇ ਹਨ। ਉਨ੍ਹਾਂ ਦੀ ਇਹ ਕੋਸ਼ਸ਼ ਉਸ ਵੇਲੇ ਫਲ ਲਿਆਈ ਤੇ ਉਨ੍ਹਾਂ ਨੂੰ ਲੋਕੀਂ ਸੁਲਹ ਦਾ ਪੈਗੰਬਰ ਆਖਣ ਲਗ ਪਏ।

ਫੇਰ ਉਸ ਸਮੇਂ ਜੋਗੀਆਂ ਦਾ ਬਹੁਤ ਭੈ ਛਾ ਰਿਹਾ ਸੀ, ਏਹ ਲੋਕ ਸਿੱਧੀਆਂ ਦਾ ਭੈ ਦੇ ਕੇ ਲੋਕਾਂ ਨੂੰ ਵੱਸ ਵਿਚ ਰੱਖਦੇ ਸੇ, ਅਚਲ ਵਟਾਲੇ ਤੇ ਹੋਰ ਅਨੇਕਾਂ ਥਾਂਈਂ, ਧੁਰ ਕੈਲਾਸ਼ (ਸੁਮੇਰ) ਤਾਂਈਂ ਜਾ ਕੇ ਗੁਰੂ ਬਾਬੇ ਨੇ ਇਨ੍ਹਾਂ ਨਾਲ ਚਰਚਾ ਵਾਦ ਕੀਤੇ ਤੇ ਹਰਾਇਆ। ਇਨ੍ਹਾਂ ਦਾ ਤਪ ਤੇਜ ਘਟਿਆ ਤੇ ਭਰਮਾਂ ਵਿਚ ਫਸੀ ਪਰਜਾ ਵਾਹਿਗੁਰੂ ਪ੍ਰੇਮ ਤੇ ਆਪੋ ਵਿਚ ਭਰਾਤ੍ਰੀ ਭਾਵ ਦੇ ਪਿਆਰ ਵਿਚ ਆਈ। ਗੁਰੂ ਜੀ ਨੇ ਇਸੇ ਕਰਕੇ ਲਫਜ਼ 'ਭਾਈ' ਦਾ ਵਰਤਾਉ ਜਾਰੀ ਕੀਤਾ ਸੀ। ਜਿਨ੍ਹਾਂ ਨੇ ਆਪ ਦਾ ਉਪਦੇਸ਼ ਮੰਨਿਆਂ ਉਨ੍ਹਾਂ ਨੇ ਆਪੋ ਵਿਚ ਇਕ ਦੂਜੇ ਨੂੰ 'ਭਾਈ' ਕਹਿਕੇ ਪੁਕਾਰਿਆ, ਜੋ ਅਜ ਤਾਂਈਂ ਗੁਰਸਿੱਖਾਂ ਵਿਚ ਜਾਰੀ ਹੈ।

ਫਿਰ ਇਕ ਹੋਰ ਉਪਕਾਰ ਆਪ ਦਾ ਸੀ। ਪਰਮੇਸ਼ਰ ਦੀ ਤਲਾਸ਼ ਵਿਚ ਦਜਾਨਤਦਾਰੀ ਨਾਲ ਹਠ, ਤਪ, ਜ਼ੁਹਦ, ਭਜਨ, ਬੰਦਗੀ, ਜੋਗ ਕਰਦੇ ਕੋਈ ਕੋਈ ਕਿਤੇ ਅਟਕਾਰੇ ਵਿਚ ਸਨ, ਉਨ੍ਹਾਂ ਲੋਕਾਂ ਨੂੰ ਮਿਲ ਮਿਲ ਕੇ ਮਦਦ ਦਿੱਤੀ, ਅਟਕ ਦੂਰ ਕੀਤੀ ਤੇ ਅਗਲਾ ਮਾਰਗ ਖੁਹਲ ਦਿੱਤਾ। ਬਾਬੇ ਫਰੀਦ ਦੀ ਗੱਦੀ ਦੇ ਸ਼ੇਖ ਇਬ੍ਰਾਹੀਮ ਨੂੰ, ਕੋਟਲੇ ਮਿਠੇ ਦੇ ਮੀਆਂ ਮਿੱਠੇ ਨੂੰ, ਦੱਖਣੀ ਪੰਜਾਬ ਦੇ ਮਖਦੂਮ ਨੂੰ, ਜੋਗੀਆਂ ਦੇ ਵਡੇ ਭਰਥਰੀ ਨੂੰ, ਚਤੁਰ ਦਾਸ ਪੰਡਤ ਨੂੰ, ਅਨੇਕਾਂ ਐਸੇ ਅਭਜਾਸੀਆਂ ਨੂੰ ਸਹਾਇਤਾ ਦੇ ਕੇ ਠੀਕ ਰਾਹੇ ਟੋਰਿਆ। ਆਪ ਜੇ ਆਪ ਦੇ ਹਾਲਾਤ ਪੜ੍ਹੋ ਤਾਂ ਪਤਾ ਲੱਗੇ, ਮੈਂ ਤਾਂ ਸੰਖੇਪ ਵਿਚ ਆਪ ਦੇ ਜੀਵਨ ਪਹਿਲੂ ਜਗਤ ਪੀੜਾ ਹਰਨ ਵਾਲੇ ਦਰਸਾ ਰਿਹਾ ਹਾਂ।

**ਬੰਗਾਲੀ ਸੰਤ**- ਭਲਾ ਗੁਰੂ ਜੀ ਦੇ ਕੋਈ ਐਸੇ ਪ੍ਰਸੰਗ ਬੀ ਹੈਨ ਕਿ ਜਿਨ੍ਹਾਂ ਤੋਂ ਪਤਾ ਲਗੇ ਕਿ ਪ੍ਰੇਮ ਪੀੜਾ ਤੇ ਬੀ ਪਹੁੰਚਦੇ ਸਨ? ਹੁਣ ਹੋ ਤਾਂ ਦੇਰ ਰਹੀ ਹੈ, ਆਪ ਸਾਹਿਬਾਂ ਨੇ ਜਾਣਾ ਹੋਊ; ਪਰ ਕੁਛ ਪਲਾਂ ਹੋਰ ਲਾ ਦਿਓ। ਮੇਰੇ ਖਜਾਲ, ਆਪ ਦੇ ਉਪਦੇਸ਼ ਨਾਲ ਤੇ ਗੁਰੂ ਬਾਬੇ ਦਾ ਆਦਰਸ਼ ਸੁਣ ਸੁਣ ਕੇ, ਇਨਸਾਨੀ ਪੀੜਾ ਹਰਨ ਵਾਲੀ ਸੇਵਾ ਵਿਚ ਕੁਛ ਵੰਨੇ ਪਰਤ ਰਹੇ ਹਨ।

**ਸੰਤ**- ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੇਵ। ਸੰਤ ਜੀਓ! ਗੁਰੂ ਬਾਬਾ ਆਪ ਪ੍ਰੇਮ ਦਾ ਪੁੰਜ ਸੀ ਤੇ ਹੈ। ਆਪਣੇ ਪਰਮੇਸ਼ਰ ਪਰਮਾਤਮ ਦੇਵ ਨੂੰ ਓਹ ਪ੍ਰੇਮ ਸਰੂਪ ਮੰਨਦੇ ਸਨ, ਉਸ ਨਾਲ ਪ੍ਰੇਮ ਨੂੰ ਉਹ ਮਿਲਣ ਦਾ ਮਾਰਗ ਸਮਝਦੇ ਸਨ। ਆਪ ਪ੍ਰੇਮ ਵਿਚ ਮਗਨਾਰ ਰਹਿੰਦੇ ਸਨ। ਦੂਜੇ ਪਾਸੇ ਇਨਸਾਨ ਮਾਤ੍ਰ ਨਾਲ ਪ੍ਰੇਮ ਕਰਦੇ ਸਨ। ਤੀਜੇ ਪਾਸੇ ਉਨ੍ਹਾਂ ਨਾਲ ਕੀਤੇ ਗਏ ਪ੍ਰੇਮ ਦਾ ਉਹ ਪਰਮ ਮ੍ਰਿਦੁਲ ਤੇ ਤ੍ਰਠਵੇਂ ਪਰ ਦਾਨੇ ਪ੍ਰੇਮ ਨਾਲ ਜਵਾਬ ਦੇਂਦੇ ਸਨ। ਮੇਰਾ ਮਤਲਬ ਹੈ ਕਿ ਪ੍ਰੇਮ-ਖਿੱਚ ਦੇ ਅੱਗੇ ਧਾ ਕੇ ਪਹੁੰਚਦੇ ਸਨ। ਆਪਣੇ ਘਰ ਵਿਚ ਆਪ ਨੂੰ ਸਭ ਤੋਂ ਪਹਿਲਾਂ ਆਪ ਦੀ ਵਡੀ ਭੈਣ ਜੀ ਨੇ ਪਛਾਨਿਆ ਤੇ ਲਖ ਲਿਆ ਸੀ ਕਿ ਇਹ ਵੀਰ ਪ੍ਰੇਮ ਅਵਤਾਰ ਹੈ। ਭੈਣ ਜੀ ਦਾ ਅਤਿ ਕੋਮਲ ਪਿਆਰ ਆਪ ਨਾਲ ਸੀ। ਇਸ ਪਿਆਰ ਦਾ ਗੁਰੂ ਜੀ ਵਲੋਂ ਇਹ ਸਤਿਕਾਰ ਸੀ ਕਿ ਜਦ ਕਦੇ ਭੈਣ ਜੀ ਨੇ ਵਜਾਕੁਲ ਹੋ ਕੇ ਯਾਦ ਕੀਤਾ ਹੈ ਆਪ ਪਹੁੰਚੇ ਹਨ। ਸ੍ਰੀ ਪਾਵਨ ਬੀਬੀ ਜੀ ਬਹੁਤ ਉਚੇ ਦਰਜੇ ਦੇ ਰੱਬ ਪਿਆਰੇ ਗੁਰਮੁਖ ਹੋਏ ਹਨ। ਇਸ ਤਰ੍ਹਾਂ ਆਪ ਦੇ ਰਹਿਣੇ ਵਾਲੇ ਨਗਰ ਵਿਚੋਂ ਆਪ ਨੂੰ ਨਗਰ ਦੇ ਮਾਲਕ ਰਾਇ ਬੁਲਾਰ ਨੇ ਸਿਞਾਤਾ ਸੀ, ਬਚਪਨ ਤੋਂ ਹੀ ਉਹ ਆਪ ਦਾ ਪ੍ਰੇਮੀ ਹੋ ਗਿਆ ਸੀ। ਇਸਦੀ ਪ੍ਰੇਮ-ਖਿੱਚ ਡਾਢੀ ਹੀ ਤ੍ਰਿਖੀ ਹੁੰਦੀ ਸੀ। ਸੋ ਉਸਦੇ ਚਲਾਣੇ ਤੱਕ ਗੁਰੂ ਸਾਹਿਬ ਉਸਨੂੰ ਉਸਦੀ ਪ੍ਰੇਮ ਵਜਾਕੁਲਤਾ ਵੇਲੇ ਜਾ ਜਾ ਮਿਲਦੇ ਠੰਢ ਪਾਉਂਦੇ ਰਹੇ ਹਨ। ਹਿੰਦੁਸਤਾਨ ਦੇ ਦੱਖਣ ਵਿਚ ਸੰਗਲਾਦੀਪ ਹੈ, ਜਿਸਨੂੰ ਸੀਲੋਨ ਭੀ ਆਖਦੇ ਹਨ, ਇਸ ਟਾਪੂ ਦੇ ਉਤਰ ਪਾਸੇ ਇਕ ਰਾਜਾ ਹੋਯਾ ਹੈ-ਸ਼ਿਵਨਾਭ। ਇਸ ਦੇ ਦੇਸ਼ ਵਿਚ ਇਕ ਮਨਸੁਖ ਨਾਮੇ ਲਹੌਰ ਦਾ ਵਪਾਰੀ ਜਾਇਆ ਕਰਦਾ ਸੀ। ਇਸ ਤੋਂ ਸ਼ਿਵਨਾਭ ਨੂੰ ਗੁਰੂ ਨਾਨਕ ਦੇਵ ਜੀ ਦਾ ਨਾਮ ਤੇ ਗੁਣ ਪਤਾ ਲਗੇ। ਗੁਣ ਸ੍ਰਵਣ ਕਰਕੇ ਇਸ ਸੁਭਾਗੇ ਦੇ ਅੰਦਰ ਪ੍ਰੇਮ ਲਗ ਗਿਆ। ਇਹ ਪ੍ਰੇਮ ਐਸਾ ਪ੍ਰਬਲ ਪਿਆ ਕਿ ਰਾਜੇ ਪਾਸੋਂ ਅਜਰ ਹੋ ਗਿਆ। ਸ੍ਰੀ ਗੁਰੂ ਜੀ ਦਾ ਦੇਸ਼ ਤੇ ਸੰਗਲਾਦੀਪ ਵਿਚ ਕਿਡਾ ਭਾਰਾ ਫਾਸਲਾ ਹੈ ਤੇ ਸਫਰ ਦੇ ਓਸ ਸਮੇਂ ਦੇ ਸਾਮਾਨ ਕਿੰਨੇ ਔਖੇ ਸਨ, ਪਰ ਉਸਦੀ ਪ੍ਰਬਲ ਪ੍ਰੇਮ-ਖੈਂਚ ਨੂੰ ਪੂਰਨ ਕਰਨ ਹਿਤ ਆਪ ਟੁਰ ਪਏ ਤੇ ਜਾ ਪਹੁੰਚੇ ਅਰ ਉਸਦੀ ਆਤਮਾ ਨੂੰ ਠੰਢ ਪਾਈ। ਗੱਲ ਕੀਹ, ਜਿਸ ਜਿਸ ਨੇ ਆਪ ਦੀ ਆਰਾਧਨਾ ਕੀਤੀ ਆਪ ਨੇ ਪਹੁੰਚ ਕੇ ਉਸ ਨੂੰ ਠੰਢ ਪਾਈ; ਪ੍ਰੇਮ ਦਾ ਜਵਾਬ ਪ੍ਰੇਮ ਨਾਲ ਦਿਤਾ। ਉੱਮਲ ਰਹੇ ਪ੍ਰੇਮ ਨੂੰ ਆਪਣੇ ਉਚੇ ਪ੍ਰੇਮ ਨਾਲ ਰੰਗ ਕੇ ਪ੍ਰੇਮ ਸਾਗਰ ਦੇ ਅਨੁਭਵ ਵਿਚ ਪਹੁੰਚਾਇਆ। ਤਦੋਂ ਹੀ ਨਹੀਂ, ਹੁਣ ਬੀ ਆਪ ਦੇ ਪ੍ਰੇਮੀਆਂ ਦੇ ਹ੍ਰਿਦੇ ਤੇ ਆਪ ਦੇ ਪ੍ਰੇਮ ਪ੍ਰਭਾਉ ਦਾ ਪਰਤੋ ਪ੍ਰਤੱਖ ਹੋ ਕੇ ਪੈਂਦਾ ਹੈ। ਗੁਰੂ ਨਾਨਕ ਜਾਗਤੀ ਜੋਤਿ ਹੈ ਆਪ, ਉਨ੍ਹਾਂ ਦਾ ਜੀਵਨ ਜੀਉਂਦਾ ਉਪਦੇਸ਼ ਹੈ। ਉਨ੍ਹਾਂ ਦਾ ਉਪਦੇਸ਼ ਜੀਉਂਦਾ ਜਾਗਦਾ ਸਾਡੇ ਪਾਸ ਹੈ ਤੇ ਉਹ ਜੀਵਨ ਪੈਦਾ ਕਰਦਾ ਹੈ। ਗੁਰੂ ਨਾਨਕ ਹੀ ਹੈ ਜਿਸਨੇ ਜ਼ਾਤੀ, ਮੁਲਕੀ, ਮਜ਼ਹਬੀ ਝੇੜੇ ਨਬੇੜੇ ਤੇ ਸਭ ਨੂੰ ਪ੍ਰੇਮ

ਦੇ ਅੰਗਣੇ ਲਿਆਕੇ ਪ੍ਰੇਮ ਖੇਲ ਸਿਖਲਾਈ। ਅਡ ਅਡ ਧਰਮਾਂ ਵਾਲੇ ਆਪੋ ਵਿਚ ਖਿਆਲਾਂ ਦੇ ਵਟਾਂਦਰੇ ਕਰਨ, ਇਕ ਦੂਜੇ ਦਾ ਸਹਾਰਾ ਕਰਨ, ਇਕ ਦੂਜੇ ਦਾ ਸਤਿਕਾਰ ਕਰਨ, ਧਰਮ ਦੀ ਰੂਹ ਨੂੰ ਪਛਾਣਨ ਤੇ ਪ੍ਰੇਮ ਦਾ ਪ੍ਰਚਾਰ ਕਰਨ, ਇਹ ਗਲ ਇਕ ਸਿਆਣੇ ਦੀ ਜਾਚੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਸਿਖਾਈ ਤੇ ਮਗਰੋਂ ਇਹ ਯਥਾਰਥ ਹੋ ਕੇ ਫੈਲੀ। ਗੁਰੂ ਨਾਨਕ ਪ੍ਰੇਮ ਹੈ, ਪ੍ਰੇਮ ਉਸ ਦਾ ਮਾਰਗ ਹੈ।

**ਗੁਰੂ ਨਾਨਕ ਹੀ ਹੈ ਜਿਸਨੇ ਜ਼ਾਤੀ, ਮੁਲਕੀ, ਮਜ਼ਹਬੀ ਝੇੜੇ ਨਬੇੜੇ ਤੇ ਸਭ ਨੂੰ ਪ੍ਰੇਮ ਦੇ ਅੰਗਣੇ ਲਿਆਕੇ ਪ੍ਰੇਮ ਖੇਲ ਸਿਖਲਾਈ। ਅਡ ਅਡ ਧਰਮਾਂ ਵਾਲੇ ਆਪੋ ਵਿਚ ਖਿਆਲਾਂ ਦੇ ਵਟਾਂਦਰੇ ਕਰਨ, ਇਕ ਦੂਜੇ ਦਾ ਸਹਾਰਾ ਕਰਨ, ਇਕ ਦੂਜੇ ਦਾ ਸਤਿਕਾਰ ਕਰਨ, ਧਰਮ ਦੀ ਰੂਹ ਨੂੰ ਪਛਾਣਨ ਤੇ ਪ੍ਰੇਮ ਦਾ ਪ੍ਰਚਾਰ ਕਰਨ, ਇਹ ਗਲ ਇਕ ਸਿਆਣੇ ਦੀ ਜਾਚੇ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਸਿਖਾਈ ਤੇ ਮਗਰੋਂ ਇਹ ਯਥਾਰਥ ਹੋ ਕੇ ਫੈਲੀ। ਗੁਰੂ ਨਾਨਕ ਪ੍ਰੇਮ ਹੈ, ਪ੍ਰੇਮ ਉਸ ਦਾ ਮਾਰਗ ਹੈ।**

**ਬੰਗਾਲੀ ਸੰਤ**– ਸੁਭਾਗ ਹੋਇਆ ਹੈ, ਗੁਰੂ ਨਾਨਕ ਪ੍ਰੇਮ ਮੈਨੂੰ ਬੀ ਪ੍ਰਾਪਤ ਹੋਵੇ। ਮੈਂ ਬੀ ਪ੍ਰੇਮ ਮਾਰਗ ਤੇ ਟੁਰਾਂ। ਇਸ ਵੇਲੇ ਮੈਂ ਗਜਾਨ ਮਾਰਗ ਵਿਚ ਹਾਂ, ਸ੍ਵੈ ਸੁਖ ਵਿਚ ਹਾਂ।

**ਸੰਤ**– ਮੁਬਾਰਕ ਹੈ ਇਹ ਅਵਸਥਾ ਪਹਿਲੋਂ ਪ੍ਰਾਪਤ ਹੋ ਜਾਣੀ। ਆਪਣਾ ਆਪ, ਆਪਣੇ ਆਪ ਵਿਚ ਆਪਣੇ ਆਪ ਤੋਂ ਸੁਖੀ ਹੋਵੇ, ਹੋਰ ਸੁਖ ਦੀ ਅਕਾਂਖਜਾ ਨਾ ਰਹੇ। ਆਪਣਾ ਜੋ ਜੀਵਨ ਮਾਤ੍ਰ ਹੈ, ਆਪਣੀ ਜੋ ਚੇਤਨਾ ਹੈ, ਇਹ ਆਪਣੇ ਆਪ ਵਿਚ ਸੁਖ ਸਰੂਪ ਹੈ, ਇਹ ਲੱਖਤਾ ਮੁਬਾਰਕ ਹੈ ਕਿ ਸ੍ਵੈਜੀਵਨ ਸੁਖੀ ਹੋਵੇ ਜੀਵਨ ਦੇ ਆਸਰੇ। ਇਸ ਸਾਡੇ ਆਪੇ ਨੂੰ ਲੋੜ ਨਾ ਪਵੇ ਆਪਣੇ ਬਿਲਕੁਲ ਗੋਲ ਹੋ ਗਏ ਆਪੇ ਨੂੰ ਵਧੇਰੇ ਗੁਲਿਆਈ ਵਿਚ ਲਿਆਉਣ ਦੀ। ਸੰਤ ਜੀ! ਗਣਤ ਵਿਦਜਾ ਦੱਸਦੀ ਹੈ ਕਿ ਗੋਲ ਵਸਤੂ ਦੀ ਗੁਲਿਆਈ ਵਧੇਰੇ ਗੋਲ ਕਿ ਘੱਟ ਗੋਲ ਨਹੀਂ ਹੋ ਸਕਦੀ। ਜੋ ਠੀਕ ਗੋਲ ਹੈ ਉਹ ਗੋਲ ਹੈ। ਆਪਾ ਸੁਖ ਸਰੂਪ ਹੈ, ਇਸ ਦੇ ਸਰੂਪ ਦੀ ਗੁਲਿਆਈ ਸੁਖ ਸਰੂਪਤਾ ਹੈ, ਆਪਾ ਲਖ ਲੈਣ ਕਰਕੇ ਸੁਖ ਸਰੂਪਤਾ ਦੀ ਗੁਲਿਆਈ ਨੂੰ ਪ੍ਰਾਪਤ ਹੋਣਾ ਹੈ, ਪਰ ਹੁਣ ਜੀਵਨ ਉਦਕਰਖ ਵਿਚ ਹੈ, ਅਸੀਂ ਜਗਤ ਵਿਚ ਹਾਂ। ਭਾਵੇਂ ਗੁਰੂ ਨਾਨਕ ਮੇਹਰ ਨਾਲ ਸਾਨੂੰ ਜਗਤ ਤੋਂ ਹੋਰ ਸੁਖੀ ਹੋਣ ਦੀ ਲੋੜ ਨਹੀਂ, ਪਰ ਜਗਤ ਦੁਖੀ ਹੈ, ਇਸ ਵਿਚ ਹੁਕਮ ਦੇ ਅੰਦਰ ਇਸਦਾ ਦੁਖ ਵਧਾਉਣਾ ਨਹੀਂ, ਇਸਦਾ ਦੁਖ ਘਟਾਉਣਾ ਹੈ। ਇਸ ਵਿਚ ਸੁਖ ਵਧਾਉਣਾ ਹੈ ਇਸ ਨੂੰ ਸੁਖ ਸਰੂਪਤਾ ਤੱਕ ਲੈ ਜਾਣ ਵਿਚ। ਚਾਹੋ ਸਾਡਾ ਯਤਨ ਇਕ ਛੰਭ ਵਿਚ ਇਕ ਬੋਰੀ ਖੰਡ ਦੀ ਪਾ ਦੇਣ ਵਾਂਙੂ ਸ਼ਰਬਤ ਨਹੀਂ ਬਣਾ ਸਕਦਾ, ਪਰ ਉਸ ਪਰ ਪਾਣੀ ਵਿਚ ਖੰਡ ਦੀ ਅੰਸ਼ ਵਧ ਜਾਂਦੀ ਹੈ। ਜੇ ਅਸੀਂ ਜਗਤ ਤੋਂ ਸੁਖ ਦੀ ਭੁੱਖ ਵਾਲੇ ਆਪ ਹੋਵੀਏ ਤਾਂ ਅਸੀਂ ਉਸ ਮਿਠਾਸ ਦੀ ਅੰਸ਼ ਘਟਾਣ ਵਾਲੇ ਹੋਏ। ਇਉਂ ਅਸੀਂ ਬੀ ਕਸਰ ਵਿਚ ਹਾਂ, ਇਕ ਤਰ੍ਹਾਂ ਬੀਮਾਰ ਹਾਂ। ਜੇ ਸਾਡਾ ਸੁਖ ਸਾਡੇ ਸ੍ਵੈਜੀਵਨ ਮਾਤ੍ਰ ਦੇ 'ਸ੍ਵੈਸੁਖ' ਵਿਚ ਹੈ ਤਾਂ ਅਸੀਂ ਅਰੋਗ ਹਾਂ, ਅਸੀਂ ਬੀਮਾਰਾਂ ਦੀ ਸੇਵਾ ਕਰ ਸਕਦੇ ਹਾਂ। ਜੇ ਸਾਡਾ ਆਪਾ 'ਪਰਮ ਆਪੇ' ਨਾਲ ਮਿਲਕੇ 'ਆਤਮ ਸੁਖ ਸਰੂਪਤਾ' ਵਿਚ ਪੁੱਜ ਪਿਆ ਹੈ ਤਾਂ ਅਸੀਂ ਮੁਥਾਜ ਨਹੀਂ ਰਹੇ, ਹਾਂ ਸਾਡੀ ਇਹ ਆਤਮ ਸੁਖ ਸਰੂਪਤਾ ਹੁਣ ਮੁਥਾਜ ਨਹੀਂ ਹੋਰ ਸੁਖ ਸਰੂਪਤਾ ਦੀ। ਹੁਣ ਹੀ ਉਹ ਇਸ ਜੋਗ ਹੈ ਕਿ ਜਗਤ ਦਾ ਦੁਖ ਦੂਰ ਕਰੇ, ਇਸ ਨੂੰ ਸੁਮਤਿ ਦੇਵੇ, ਇਸ ਨਾਲ ਹਮਦਰਦੀ ਕਰੇ ਤੇ ਇਸ ਨੂੰ ਦੁਖਾਂ ਸੁਖਾਂ ਵਿਚ ਬਾਹੁੜੇ।

**ਬੰਗਾਲੀ ਸੰਤ**– ਜੀ ਤਾਂ ਕਰ ਆਇਆ ਹੈ ਸੇਵਾ ਕਰਨ ਨੂੰ, ਪਰ ਸੰਸਾਰ ਅਗਨ ਤੋਂ ਡਰ ਆਉਂਦਾ ਹੈ।

**ਸੰਤ**– ਠੀਕ ਹੈ, ਪਰ ਹੁਕਮ ਦੀ ਪਛਾਣ ਕਰੋ। ਅਸਾਂ ਨਹੀਂ ਕੁਛ ਕਰਨਾ ਹੈ, ਹੁਕਮ ਹੈ ਨੇਕੀ ਕਰੋ, ਕਰਨੀ ਹੈ। ਕਰਕੇ ਅਸਾਂ ਆਪਣੀ ਨਹੀਂ ਸਮਝਣੀ– 'ਮੈਂ ਕੌਣ ਹਾਂ ਕਰਨ ਹਾਰ, ਹੁਕਮ ਸੀ ਹੁਕਮ ਵਾਲੇ ਨੇ ਕਰਵਾ ਲਿਆ।' ਇਉਂ ਇਹ ਹੁਕਮ 'ਸੰਸਾਰ ਅਗਨੀ' ਵਿਚ 'ਅਗਨੀ ਨਿਵਾਰਨ ਜਾਮਾ' (fire-proof garment) ਪਹਿਰ ਹੋ ਜਾਂਦਾ ਹੈ ਜੋ ਸੇਕ ਨਹੀਂ ਲਗਣ ਦੇਂਦਾ।

**ਬੰਗਾਲੀ ਸੰਤ**– ਆਪ ਕਿੰਵ ਕਰਦੇ ਹੋ?

**ਸੰਤ**– ਹੁਕਮ ਦੇ ਮਗਰ ਰਹਿਣ ਦਾ ਜਤਨ। ਜਦੋਂ ਜਗਤ ਵਿਚ ਕੰਮ ਕਰਦਿਆਂ ਆਤਮ ਸੁਖ ਵਿਚ ਹਿਲਾਉ ਉਪਜੇ ਏਕਾਂਤ ਆ ਜਾਈਦਾ ਹੈ, ਜਿਵੇਂ ਹੁਣ ਆਇਆ ਸਾਂ। ਫੇਰ ਸਰੀਰ ਦਾ ਥਕਾਨ ਹਟਕੇ ਹੁਕਮ ਕਮਾਉਣ ਲਈ ਤਜਾਰ ਬਰ ਤਜਾਰ ਹੋ ਜਾਈਦਾ ਹੈ।

**ਬੰਗਾਲੀ ਸੰਤ**– ਫੇਰ ਕੀ ਹੋ ਸਕਦਾ ਹੈ ਕਿ ਮੈਂ ਆਪਦੇ ਕਿਤੇ ਨੇੜੇ ਤੇੜੇ ਰਹਾਂ? ਆਪ ਦਾ ਸਤਿਸੰਗ ਕਰਾਂ, ਗੁਰਬਾਣੀ ਪੜ੍ਹਾਂ, ਵੀਚਾਰਾਂ ਤੇ ਆਪ ਦੇ ਅਸੂਲ ਧਾਰਨ ਕਰਾਂ ਤੇ ਜਾਚ ਸਿਖਾਂ ਜੋ ਇਹ ਸਰੀਰ, ਜਿਸਦੀ ਹੁਣ ਮੈਨੂੰ ਤ੍ਰਿਸ਼ਨਾਂ ਨਹੀਂ, ਗੁਰੂ ਨਾਨਕ ਆਦਰਸ਼ ਵਿਚ ਸਫਲ ਹੋ ਜਾਏ।

**ਸੰਤ**– ਬਹੁਤ ਚੰਗਾ, ਆਓ ਫੇਰ ਚੱਲੀਏ। ਧੰਨ ਗੁਰ ਨਾਨਕ ਦੇਵ ਭਲੀ ਕਰਨਗੇ। ਇਹ ਕਹਿ ਕੇ ਉਠ ਖੜੇ ਤੇ ਤ੍ਰੈਏ ਗੁਰੂ ਯਸ਼ ਕਰਦੇ - ਧੰਨ ਗੁਰ ਨਾਨਕ ਦੇਵ ਦੇ ਰਸ ਰੰਗ ਵਿਚ ਉਸ ਬਨ ਵਿਚੋਂ ਵਸਤੀ ਵਲ ਨੂੰ ਆਏ।

ਗੁਰੂ ਨਾਨਕ ਸਹਾਯਤਾ ਕਰੇ ਪਾਠਕ ਜੀ!
ਆਪ ਬੀ ਵੀਚਾਰ ਕਰੋ:

**ਜਗੁ ਦੁਖੀਆ ਸੁਖੀਆ ਜਨੁ ਕੋਇ॥ ਜਗੁ ਰੋਗੀ ਭੋਗੀ ਗੁਣ ਰੋਇ॥ ਜਗੁ ਉਪਜੈ ਬਿਨਸੈ ਪਤਿ ਖੋਇ॥ ਗੁਰਮੁਖਿ ਹੋਵੈ ਬੂਝੈ ਸੋਇ॥੭॥**

**ਪੁਨਾ: ਜਗੁ ਬੰਦੀ ਮੁਕਤੇ ਹਉ ਮਾਰੀ॥ ਜਗਿ ਗਿਆਨੀ ਵਿਰਲਾ ਆਚਾਰੀ॥ ਜਗਿ ਪੰਡਿਤੁ ਵਿਰਲਾ ਵੀਚਾਰੀ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ॥੬॥** (੪੧੩)

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# GURU & guru: Betwixt & Between

❖ **I.J. Singh**

The title is not an error by a careless typesetter, but is deliberately so designed. So, bear with me awhile.

I love words – parsing them or playing with them is an unmatched pleasure, particularly with friends who are equally fond of such pastimes. Recently, we were killing time in such pursuit when our attention turned to how words fall in and out of fashion.

I know that our everyday language—*norma loquendi*—changes over a lifetime, sometimes even faster. Witness some hangovers from not so long ago, like "thee, thou and prithee". They were the norm—common armamentarium—of an educated mind less than a century ago and are now absolutely unheard of. (I know that a preposition is bad to end a sentence with. And here I have done it twice already within a single paragraph.)

I have spent a lifetime learning and teaching human anatomy and I know that within that span anatomic nomenclature, indeed the language of the health sciences, which was heavily rooted in Greek and Latin terminology for untold centuries, has undergone a sea change. Now, anatomy has an increasingly and clearly Anglicized vocabulary that is so much easier on the tongue—perhaps even the mind.

But I never imagined that respectable academicians would track human progress by exploring how words fall in and out of fashion – somewhat like tracing the path of civilization by measuring the rising and falling of hemlines of dresses.

Apparently, academicians at the Michigan-based Lake Superior State University enjoy tracking the evolution of language with much passion. More than a little late, the release of their *Annual List of Banned Words for the New Year (2013)* recently fell into my lap. The list includes terms like "spoiler alert," "fiscal cliff," and other wildly overused words, phrases, and catechisms.

Nominations of words and phrases that seem to be overused, misused, or that appear generally useless or past their prime come largely from the United States, Canada, and the United Kingdom, but also from all around the globe.

It is not a new pastime. This was the 38th annual list of dirty-dozen words and phrases that these scholars recommended should be banished from the Queen's English for misuse, overuse, abuse, and general uselessness. The nonbinding, tongue-in-cheek decree was released on 7 January, 2013.

The oft-used phrase receiving the most nominations that year for this "spoiler list" was "fiscal cliff." True that it has been overused by media outlets when describing across-the-board federal tax increases and spending cuts that economists warn could place our very lifestyle and existence in jeopardy unless Congressional leaders wake up to smell the coffee—I couldn't resist the cliché. Maybe smelling the roses would be a more fitting metaphor.

It is as if words should come to us like milk in cartons and enter common usage with an alert warning us to "Use by Date" stamped on them.

But then aren't some words like canned vegetables? The calendar starts running only when the can is opened; until opened they remain fresh. But then, the pedigree of what is in the can is critical; some contents can spoil while within the sealed can and deform the can from the inside even when it shows an unbroken seal, while others last forever. All depends on the contents of the can.

The list of the obnoxiously overused words and phrases for the year 2013 included expressions like the "River of Debt" and the "Mountain of Despair." How can I leave them to their slow death when I owe so much to so many friends and foes for both the debt and despair that continue to enrich and dog my life?

Stylistically hopeless as such phrases seem, I could talk myself into banishing them but the list also includes some that I am not ready to banish from my life such as YOLO (you only live once) and the self-evident GURU.

The first is a fundamental truth; you live only once, even though one can die a thousand deaths in

less than one lifetime. The word Guru, on the other hand, even within its many shades of meaning, speaks of a truth connected to life that I am not ready to sunder.

The word "Guru" comes to us from India and its rich traditions. A rough and ready translation would parse the word into two with *Gu* meaning darkness and *Ru* meaning light; a Guru, then, is one who leads one metaphorically from the darkness of ignorance into the light of knowledge and awareness. But then, given this literal understanding, a Guru doesn't have to be a spiritual master, even though this was the traditional meaning of a Guru.

"Guru" has morphed into so many applications that it is now confusing. Common usage equates the word with any expert. Gurus are now dime a dozen. One can be a Guru in the kitchen or in music, in surgery or in style and fashion, even a personal trainer at the spa.

Some may even think of me as the guru -- notice it is a lower-case guru -- of anatomy, since that's what I have taught for much of my life. Once the Dean at my university and I were talking about how to measure student responses in judging teacher effectiveness. I couldn't help saying to him: "At any given time, I can line up 20 students who think of me as God's gift to anatomical sciences, and I can also produce another 20 who would like to see me hanging on the nearest tree – and I reckon that both groups are right."

The common meaning of guru is a teacher or an expert - a maven. But Sikhi looks at the word "Guru" very differently, most uniquely so. The title is reserved in Sikh scriptural writing and tradition for the Creator God or the ten Gurus in human form, from Guru Nanak to Guru Gobind Singh, who personally founded, led, and nurtured Sikhi through a good 250 years. Since 1708, the title is singularly reserved for the Guru Granth which is the 1430-page repository of Sikh spiritual heritage. It is the Word that is the Guru Eternal. That's why Guru Nanak proclaimed: *"Sabd Guru surt dhun chela"* (Guru Granth p. 943).

A line from Kirtan Sohila that Sikhs read every night comes to mind: *"Chhea ghar chhea gur chhea updes. Gur(u) gur(u) eko ves anek,"* (Guru Granth, p. 12), meaning that there are six shastras (Hindu holy books), their six authors and six methods of teachings; But One God alone is the Teacher of teachers, though He manifests Himself in many ways.

"Guru" is not a title to be lightly and carelessly bandied about for any mortal who may be a maven of one human activity or another. "Guru" has a very different application than "guru."

Ergo, no individual, living or dead, no matter how spiritually refined, is to be honored by that title in Sikhi. I make this categorical statement even though I know that it is not difficult to find individuals, some well-meaning perhaps, and others who are unmistakably charlatans, running about with the title "Guru" appended to their names. But then business and commercial interests often trump Sikh teaching, doctrine, and its revered, widespread tradition.

If some words have become trite and laden with unnecessary baggage in interpretation, it is good to remember that overuse of words indicates that they have meaning and some heft. The more significant the meaning, the more overused the word becomes in common parlance. The more often it is used, the more quickly it gets relegated to the list of trite and dated expressions. We then tend to forget that becoming trite is an indicator of its power, application, and usefulness over time.

Words become tiresome and phrases become clichés when they are used often, because nothing else conveys the meaning quite so aptly. We may hate them, but can't do without them either. Their precise meaning, amplified by their overuse, imbues their application with character and heft.

Trendy and new expressions may be exciting, but only time will tell if they have a lasting place in life. What's more important? Keeping up with the Joneses or conveying a clear but pithy and unmistakable message? And it's fun to hear the phrase "YOLO" just because it sounds so dumb.

A list of overused words and expressions appears yearly, but it doesn't carry any real power behind it, except what we assign to it. It's not that we can require the user of such a word or phrase to be thrown in jail or his mouth washed with soap. Not so long ago, young children, whenever caught uttering a profanity or vulgarity, were routinely threatened with the latter penalty.

It is great fun to spot the over-hyped and over-wrought phrases that people get sick of each year. I, too, sometimes get tired of hearing myself spouting the same words...

*For Sikhs, the Guru is the Guru of gurus. Guru, the word, endures.*

Courtesy : *Sikhi: The Journey & The Destination*

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦਾ ਭਾਈ ਵੀਰ ਸਿੰਘ ਦੇ 63ਵੇਂ ਸੱਚਖੰਡ ਪਿਆਨਾ ਦਿਵਸ ਤੇ ਸੰਦੇਸ਼




**ਵਾਹਿਗੁਰੂ ਜੀ ਦਾ ਖਾਲਸਾ॥**
**ਵਾਹਿਗੁਰੂ ਜੀ ਦੀ ਫ਼ਤਹਿ॥**

ਮੇਰੀ ਕੌਮ ਦੇ ਮਹਾਨ ਵਿਦਵਾਨ, ਲੇਖਕ ਤੇ ਪ੍ਰਚਾਰਕ ਬਹੁਤੀ ਮਹਾਨ ਬੰਦਗੀ ਤੇ ਭਗਤੀ ਦੇ ਰੰਗ ਵਿਚ ਰੰਗੀ ਹੋਈ ਰੂਹ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਜਿਹਨਾਂ ਦੀ 63ਵੀਂ ਸਾਲਾਨਾ ਬਰਸੀ ਦੇ ਸੰਬੰਧ ਦੇ ਵਿਚ ਆਨਲਾਈਨ ਸਮਾਗਮ ਹੋ ਰਹੇ ਹਨ, ਕਿਉਂਕਿ ਸਾਰੇ ਜਾਣਦੇ ਹਨ ਕਿ ਵਿਸ਼ਵ ਵਿਚ ਕੋਰੋਨਾ ਮਹਾਮਾਰੀ ਕਾਰਨ ਵੱਡੇ ਇਕੱਠ ਹੋਣੇ ਸੰਭਵ ਨਹੀਂ ਹਨ ਇਸ ਲਈ ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਇਸ 63ਵੀਂ ਯਾਦਗਾਰ ਦੇ ਸੰਬੰਧ ਵਿਚ ਇਹ ਆਨਲਾਈਨ ਸਮਾਗਮ ਕਰਨਾ, ਮੈਂ ਸਮਝਦਾਂ ਪ੍ਰਸੰਸਾਯੋਗ ਕਾਰਜ ਹੈ। ਭਾਈ ਵੀਰ ਸਿੰਘ ਜੀ ਸਿੱਖ ਪੰਥ ਵਿਚ ਕਿਸੇ ਜਾਣਕਾਰੀ ਦੇ ਮੁਥਾਜ ਨਹੀਂ ਹਨ। ਉਨ੍ਹਾਂ ਵੱਲੋਂ ਕੀਤੇ ਕਾਰਜ, ਉਨ੍ਹਾਂ ਵੱਲੋਂ ਲਿਖੀਆਂ ਪੁਸਤਕਾਂ, ਨਾਵਲ ਜਿਹੜੇ ਸਿੱਖ ਇਤਿਹਾਸ ਉੱਤੇ ਆਧਾਰਿਤ ਹਨ, ਉਹ ਰਹਿੰਦੇ ਸਮੇਂ ਤੱਕ, ਰਹਿੰਦੀ ਦੁਨੀਆ ਤੱਕ, ਮੇਰੀ ਕੌਮ ਦੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੇ ਰਹਿਣਗੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਦਾ ਟੀਕਾ ਲਿਖਣਾ ਵੀ ਆਰੰਭ ਕੀਤਾ। ਭਾਵੇਂ ਉਹ ਸੰਪੂਰਨ ਨਹੀਂ ਹੋ ਸਕਿਆ ਪਰ ਫਿਰ ਵੀ ਜਿੰਨੇ ਉਨ੍ਹਾਂ ਨੇ ਬਾਣੀ ਦੇ ਅਰਥ ਕੀਤੇ ਹਨ, ਉਨ੍ਹਾਂ ਦੇ ਵਿੱਚੋਂ ਬਹੁਤ ਮਹਾਨ, ਗੂੜ੍ਹ ਅਤੇ ਪਰਮਾਰਥ ਦੀ ਝਲਕ ਪੈਂਦੀ ਹੈ ਔਰ ਬੜੇ ਮਨ ਨੂੰ ਆਨੰਦ ਦੇਣ ਵਾਲੇ ਉਹ ਅਰਥ ਜਿਹੜੇ ਨੇ, ਪ੍ਰਤੀਤ ਹੁੰਦੇ ਹਨ, ਮਨ ਨੂੰ ਸਕੂਨ ਮਿਲਦਾ ਪੜ੍ਹ ਕੇ। ਭਾਈ ਵੀਰ ਸਿੰਘ ਜੀ ਨੇ ਆਪਣਾ ਪੂਰਾ ਜੀਵਨ ਗੁਰਬਾਣੀ ਦੇ ਆਸ਼ੇ ਮੁਤਾਬਿਕ ਬਤੀਤ ਕੀਤਾ। ਜਿੱਥੇ ਉਨ੍ਹਾਂ ਦੀ ਲੇਖਣੀ ਕੌਮ ਦੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੀ ਹੈ, ਸੇਧ ਦਿੰਦੀ ਹੈ, ਉੱਥੇ ਉਨ੍ਹਾਂ ਦਾ ਖ਼ੁਦ ਦਾ ਆਪਣਾ ਜਿਹੜਾ ਗੁਰਬਾਣੀ ਆਧਾਰਿਤ ਜੀਵਿਆ ਜੀਵਨ ਹੈ ਉਹ ਵੀ ਸਿੱਖ ਕੌਮ ਵਾਸਤੇ ਜ਼ਿੰਦਗੀ ਜੀਊਣ ਲਈ ਬਹੁਤ ਵੱਡਾ ਪ੍ਰੇਰਣਾਸ੍ਰੋਤ ਹੈ। ਮੇਰੀ ਦਿਲੀ ਇੱਛਾ ਸੀ ਕਿ ਮੈਂ ਇਸ ਸਮਾਗਮ ਵਿੱਚ ਸਰੀਰਕ ਤੌਰ ਤੇ ਹਾਜ਼ਰ ਹੁੰਦਾ ਪਰ ਕਿਉਂਕਿ ਮਹਾਮਾਰੀ ਕਾਰਨ ਇਕੱਠ ਸੰਭਵ ਨਹੀਂ ਹੈ, ਪੁੱਜਣਾ ਸੰਭਵ ਨਹੀਂ ਹੈ। ਇਸ ਕਰਕੇ ਮੈਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ, ਇਸ ਕਾਰਜ ਲਈ ਉਨ੍ਹਾਂ ਦੀ ਪ੍ਰਸੰਸਾ ਕਰਦਾ ਔਰ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਪ੍ਰਧਾਨ ਅਤੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਲਈ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਵਾਹਿਗੁਰੂ ਸਿਹਤਯਾਬੀ ਬਖ਼ਸ਼ੇ ਅਤੇ ਸਾਰੇ ਮੈਂਬਰਾਂ ਨੂੰ ਹੀ ਵਾਹਿਗੁਰੂ ਪੰਥਕ ਸੇਵਾ ਕਰਨ ਦਾ ਬਲ ਬਖ਼ਸ਼ੇ।

**ਵਾਹਿਗੁਰੂ ਜੀ ਦਾ ਖਾਲਸਾ॥**
**ਵਾਹਿਗੁਰੂ ਜੀ ਦੀ ਫ਼ਤਹਿ॥**

## ਇਤਿਹਾਸਕ ਅੱਠ ਨੁੱਕਰਾ ਖੂਹ ਸੰਗਤ ਨੂੰ ਅਰਪਣ

ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਪੰਜਵੀਂ ਪਾਤਸ਼ਾਹੀ, ਓਠੀਆਂ (ਬਟਾਲਾ) ਵਿਚ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਤ ਇਤਿਹਾਸਕ ਅੱਠ ਨੁੱਕਰਾਂ ਵਾਲਾ ਖੂਹ ਮੁਰੰਮਤ ਕਰਨ ਮਗਰੋਂ ਸੰਗਤ ਨੂੰ ਅਰਪਣ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਇਸ ਖੂਹ ਨੂੰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸੰਗਤ ਦੀ ਲੋੜ ਨੂੰ ਧਿਆਨ'ਚ ਰੱਖਦਿਆਂ ਤਿਆਰ ਕਰਵਾਇਆ ਸੀ। ਵਿਰਾਸਤ ਦੀ ਸੰਭਾਲ ਹਿਤ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਮੁੜ ਸੁਰਜੀਤ ਕੀਤਾ ਹੈ। ਇਸ ਦੀ ਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਨੇ ਕੀਤੀ ਹੈ ਜਿਨ੍ਹਾਂ ਨਿੱਕੀ ਇੱਟ ਨਾਲ ਖੂਹ ਨੂੰ ਵਿਰਾਸਤੀ ਦਿੱਖ ਦਿੱਤੀ ਹੈ। ਇਸ ਮੌਕੇ ਬਾਬਾ ਸੇਵਾ ਸਿੰਘ ਨੇ ਗੁਰਦੁਆਰਾ ਸਾਹਿਬ'ਚ ਮੌਲਸਰੀ ਦੇ ਪੰਜ ਬੂਟੇ ਲਾਏ।

## ਗੁਰਦੁਆਰਿਆਂ ਦੀ ਜ਼ਮੀਨ 'ਚ ਬੂਟੇ ਲਾਉਣ ਦਾ ਕੰਮ ਸ਼ੁਰੂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਸ਼ੁੱਧਤਾ ਵਾਸਤੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਗੁਰਦੁਆਰਿਆਂ ਦੀ ਜ਼ਮੀਨ ਵਿਚ ਜੰਗਲਨੁਮਾ ਬਾਗ਼ ਸਥਾਪਿਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਬਾਗ਼ ਲਾਉਣ ਦੀ ਮੁਹਿੰਮ ਦੀ ਸ਼ੁਰੂਆਤ ਸ੍ਰੀ ਹਰਿਮੰਦਰ ਸਾਹਿਬ ਤੋਂ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਤਹਿਤ ਬੂਟੇ ਲਾਉਣ ਅਤੇ ਸੰਭਾਲਣ ਦੀ ਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਨੂੰ ਸੌਂਪੀ ਗਈ ਹੈ। ਇਸ ਯੋਜਨਾ 'ਚ ਇਕ ਏਕੜ ਜ਼ਮੀਨ 'ਚ ਚਾਰ ਹਜ਼ਾਰ ਬੂਟੇ ਲਾਏ ਜਾਣਗੇ ਤੇ ਯੋਜਨਾ ਦੇ 80 ਫ਼ੀਸਦੀ ਕੰਮ ਨੂੰ ਨਵੰਬਰ ਤਕ ਪੂਰਾ ਕਰਨ ਦਾ ਲਕਸ਼ ਰੱਖਿਆ ਗਿਆ ਹੈ। ✧ ✧

# ਡਿਜ਼ੀਟਲ ਰੂਪ ’ਚ ਮਨਾਏ ਗਏ ਭਾਈ ਸਾਹਿਬ ਦੇ 63ਵੇਂ ਸੱਚਖੰਡ ਪਿਆਨਾ ਦਿਵਸ ਦੀਆਂ ਝਲਕੀਆਂ



ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀ ਅਕਾਲੀ ਬਾਣੀ ਦਾ ਮਨੋਹਰ ਕੀਰਤਨ ਕਰਦੇ ਹੋਏ।




ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਅਤੇ ਸਾਥੀ ਰਸਭਿੰਨਾ ਕੀਰਤਨ ਕਰਦੇ ਹੋਏ।








(1) ਸਦਨ ਦੀ ਸਟਾਫ ਮੈਂਬਰ ਬੀਬੀ ਮਨਿੰਦਰ ਕੌਰ ਸਹਿਜ ਪਾਠ ਦੇ ਭੋਗ ਦੀ ਸੇਵਾ ਨਿਬਾਹੁੰਦੇ ਹੋਏ। (2) ਸਰਦਾਰਨੀ ਤਜਿੰਦਰ ਕੌਰ ਧੀਰ ਗੁਰੂ ਨਾਨਕ ਚਮਤਕਾਰ, ਭਾਗ-1 ’ਚੋਂ ਸ਼ੇਖ਼ ਸ਼ਰਫ਼ ਦੀ ਸਾਖੀ ਨੂੰ ਸੰਦੇਸ਼ ਰੂਪ ’ਚ ਪੜ੍ਹ ਕੇ ਸੁਣਾਉਂਦੇ ਹੋਏ। (3) ਸਰਦਾਰਨੀ ਤਰਨਜੀਤ ਕੌਰ ਅਤੇ ਸਰਦਾਰਨੀ ਤਮਨਪ੍ਰੀਤ ਕੌਰ ਭਾਈ ਸਾਹਿਬ ਦੀ ਕਵਿਤਾ ‘ਠਹਿਰ ਜਾਈਂ ਠਹਿਰ ਜਾਈਂ’ ਦਾ ਗਾਇਨ ਕਰਦੇ ਹੋਏ।







(1) ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਪ੍ਰੋ. ਰਵੇਲ ਸਿੰਘ ਭਾਈ ਸਾਹਿਬ ਦੇ ਜੀਵਨ ਤੇ ਚਾਨਣਾ ਪਾਉਂਦੇ ਹੋਏ। (2) ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਇਸ ਵਾਰ ਹੋਏ ਡਿਜ਼ੀਟਲ ਪ੍ਰੋਗਰਾਮ ਸੰਬੰਧੀ ਵਿਚਾਰ ਸਾਂਝੇ ਕਰਦੇ ਹੋਏ। (3) ਸ. ਕੁਲਮੋਹਨ ਸਿੰਘ ਸੰਚਾਲਕ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ।

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੫੯, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੬੩}

ਵਡਹੰਸੁ ਮਹਲਾ ੩, ਚਉਪਦਾ ੫-੮

| ਮੂਲ | ਅਰਥ |
|---|---|
| ਵਡਹੰਸੁ ਮਹਲਾ ੩॥ ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ॥ ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ॥੧॥ | ਨਾਮ ਅੰਮ੍ਰਿਤ ਸਦਾ ਮਿੱਠਾ ਲੱਗਾ ਹੈ, (ਇਹ) ਸੁਆਦ ਗੁਰੂ ਦੇ ਉਪਦੇਸ਼ ਦੁਆਰਾ ਆਇਆ ਹੈ। (ਫੇਰ ਗੁਰੂ ਦੀ) ਸੱਚੀ ਬਾਣੀ ਦੁਆਰਾ ਹੀ (ਬ੍ਰਿਤੀ) ਸਹਜ (ਅਵਸਥਾ) ਵਿਚ ਸਮਾ ਰਹੀ ਹੈ ਤੇ ਹਰਿ ਜੀਉ ਮਨ ਵਿਚ ਵੱਸ ਗਿਆ ਹੈ॥੧॥ |
| ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ॥ ਪੂਰੈ ਸਤੁਗੁਰਿ ਹਰਿ ਨਾਮੁ ਧਿਆਇਆ ॥੧॥ਰਹਾਉ॥ | [ਪ੍ਰਸ਼ਨ: ਗੁਰੂ ਕਿਵੇਂ ਲੱਭਾ? ਉੱਤਰ:] ਹਰੀ ਨੇ ਕਿਰਪਾ ਕਰਕੇ ਸਤਿਗੁਰੂ ਮਿਲਾ ਦਿੱਤਾ (ਤੇ ਉਸ) ਪੂਰੇ ਸਤਿਗੁਰੂ ਨੇ ਹਰੀ ਨਾਮ ਸਾਨੂੰ ਜਪਾਇਆ ਹੈ ॥੧॥ਰਹਾਉ॥ |
| ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ॥ ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥੨॥ | [ਕੀ ਤੁਸੀਂ ਗੁਰੂ ਨੂੰ ਤ੍ਰੈ ਦੇਵਤਿਆਂ ਤੋਂ ਵੱਡਾ ਸਮਝਦੇ ਹੋ? ਉੱਤਰ:] ਬ੍ਰਹਮਾ ਨੇ ਵੇਦ ਦੀ ਬਾਣੀ ਦਾ ਪ੍ਰਕਾਸ਼ ਕੀਤਾ ਹੈ, (ਪਰ ਆਪਣੀ ਰਚੀ ਰਚਨਾ ਵਿਚ) ਮਾਯਾ ਮੋਹ ਦਾ ਹੀ ਫੈਲਾਉ ਕੀਤਾ ਹੈ। ਮਹਾਂਦੇਉ ਗਿਆਨੀ (ਸਦਾਉਂਦਾ ਹੈ ਅਤੇ) ਆਪਣੇ ਸਰੂਪ ਵਿਚ (ਚਾਹੋ) ਪਿਆ ਵਰਤੇ, (ਪਰ ਉਸ ਵਿਚ) ਤਮੋ ਗੁਣ (ਗੁੱਸਾ ਤੇ) ਹੰਕਾਰ ਬਹੁਤ ਹੈ॥੨॥ |
| ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥ ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ॥੩॥ | (ਵਿਸ਼ਨੂੰ ਜਿਸ ਦਾ ਵਿਦਿਤ ਸਰੂਪ) ਕ੍ਰਿਸ਼ਨ (ਹੈ, ਉਹ) ਸਦਾ ਅਵਤਾਰ ਲੈਣ ਵਿਚ ਰੁੱਝਾ ਰਹਿੰਦਾ ਹੈ, (ਦੱਸੋ) ਸੰਸਾਰ ਕਿਸ ਦੇ (ਸਤਿਸੰਗ ਵਿਚ) ਲੱਗਕੇ ਤਰੇ? (ਪਰ ਦੇਖੋ) ਗੁਰਮੁਖ (ਲੋਕ ਅਰਥਾਤ ਓਹ ਜੋ ਗੁਰੂ ਨੂੰ ਪ੍ਰਾਪਤ ਹੋਏ ਹਨ ਹਰ) ਜੁਗ ਵਿਚ (ਓਹ) ਗਜਾਨ ਵਿਚ ਰੰਗੇ ਗਏ, (ਉਹਨਾਂ ਦਾ) ਮੋਹ ਰੂਪ ਅੰਧਕਾਰ ਦੂਰ ਹੋ ਗਿਆ॥੩॥ |
| ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ॥ ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖ ਦੁਆਰਾ॥੪॥ | (ਸਿੱਟੇ ਦੀ ਗੱਲ ਇਹ ਹੈ ਕਿ ਸਦਾ) ਸਤਿਗੁਰੂ ਦੀ ਸੇਵਾ ਨਾਲ ਪਾਰ ਉਤਾਰਾ ਹੋਇਆ ਹੈ, ਸੰਸਾਰ ਗੁਰਮੁਖ ਹੋ ਕੇ ਹੀ ਤਰਦਾ ਹੈ, (ਭਾਵ ਸਭ ਕੋਈ ਗੁਰੂ ਦਾ ਉਪਦੇਸ਼ ਲੈ ਕੇ ਗੁਰੂ ਮਤਿ ਤੇ ਟੁਰਕੇ ਤਰਦਾ ਹੈ। ਹਾਂ) ਜੋ ਸੱਚੇ ਨਾਮ ਵਿਚ ਰੰਗੇ ਜਾ ਕੇ ਵੈਰਾਗੀ ਹੋਏ ਹਨ (ਉਹੀ) ਮੁਕਤੀ ਦਾ ਦਰ ਪਾਉਂਦੇ ਹਨ॥੪॥ |
| ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ॥ ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ ਸਭਨਾ ਦੀਵਾਨੁ ਦਇਆਲਾ ॥੫॥॥ | (ਸਭ ਦੇਵੀ ਦੇਉਤੇ ਤੋਂ ਉਪਰ ਸੱਚ ਸਰੂਪ ਪਰਮਾਤਮਾ ਹੈ ਉਹੀ) ਸੱਚ (ਜੋ) ਇਕੋ (ਹੈ) ਸਾਰਿਆਂ ਦੇ (ਦਿਲਾਂ) ਵਿਚ ਵਰਤ ਰਿਹਾ ਹੈ ਤੇ ਸਭ ਦੀ ਪਾਲਣਾ ਕਰ ਰਿਹਾ ਹੈ; ਹੇ ਨਾਨਕ! (ਉਸ) ਇਕੋ ਬਿਨਾ ਮੈਂ (ਕਿਸੇ) ਹੋਰ ਨੂੰ ਨਹੀਂ ਸਿਆਣਦਾ, (ਉਹੀ) ਦੀਨਾਂ ਤੇ ਦਿਆਲੂ ਸਭ (ਤੋਂ ਵਡਾ) ਹਾਕਮ ਹੈ॥੫॥੫॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਡਿਜ਼ੀਟਲ ਰੂਪ 'ਚ ਮਨਾਇਆ ਗਿਆ ਭਾਈ ਵੀਰ ਸਿੰਘ ਦਾ 63ਵਾਂ ਸੱਚਖੰਡ ਪਿਆਨਾ ਦਿਵਸ

ਨਵੀਂ ਦਿੱਲੀ, 10 ਜੂਨ 2020: ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਭਾਈ ਵੀਰ ਸਿੰਘ ਸਟੱਡੀ ਸਰਕਲ ਵੱਲੋਂ ਭਾਈ ਵੀਰ ਸਿੰਘ ਦਾ 63ਵਾਂ ਸੱਚਖੰਡ ਪਿਆਨਾ ਦਿਵਸ ਕਰੋਨਾ ਮਹਾਂਮਾਰੀ ਦੇ ਸੰਕਟ ਨੂੰ ਧਿਆਨ 'ਚ ਰੱਖਦਿਆਂ ਡਿਜ਼ੀਟਲ ਰੂਪ'ਚ ਮਨਾਇਆ ਗਿਆ। ਸਹਿਜ ਪਾਠ ਦੇ ਭੋਗ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਨੇ ਮਨੋਹਰ ਕੀਰਤਨ ਕੀਤਾ। ਸਰਦਾਰਨੀ ਤਜਿੰਦਰ ਕੌਰ ਧੀਰ ਨੇ ਭਾਈ ਸਾਹਿਬ ਦਾ ਸੰਦੇਸ਼ ਅਤੇ ਸਰਦਾਰਨੀ ਤਰਨਜੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ ਦਾ ਗਾਇਨ ਕੀਤਾ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਇਲਾਹੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਇਸ ਮੌਕੇ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋ.ਰਵੇਲ ਸਿੰਘ ਨੇ ਭਾਈ ਸਾਹਿਬ ਨੂੰ ਸਾਹਿਤਕ ਸ਼ਰਧਾਂਜਲੀ ਦਿੰਦਿਆਂ ਕਿਹਾ ਭਾਈ ਸਾਹਿਬ ਵਰਗੀ ਬਹੁਮੁਖੀ ਪ੍ਰਤਿਭਾ ਪੰਜਾਬੀ ਸਾਹਿਤ ਜਗਤ'ਚ ਉਨ੍ਹਾਂ ਤੋਂ ਬਾਅਦ ਸਾਡੇ ਕੋਲ ਹੋਰ ਕੋਈ ਨਹੀਂ। ਉਨ੍ਹਾਂ ਵਕਤ ਦੇ ਹਾਲਾਤ ਦੇ ਸਨਮੁਖ ਹੁੰਦਿਆਂ ਵਿਸ਼ਾਲ ਬਹੁਵਿਧ ਸਾਹਿਤ ਸਿਰਜਨਾ ਕੀਤੀ ਅਤੇ ਲੋਕਾਂ ਦੀ ਭਾਸ਼ਾ ਅਤੇ ਆਧੁਨਿਕ ਰੂਪਾਂ'ਚ ਵਿਰਸੇ ਦੀ ਪੇਸ਼ਕਾਰੀ ਰਾਹੀਂ ਲੋਕਾਂ ਨੂੰ ਅਧਿਆਤਮਕ ਤੇ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਜੋੜਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੰਬੋਧਨ'ਚ ਭਾਈ ਸਾਹਿਬ ਦੀ ਬਰਸੀ ਦੇ ਆਨਲਾਈਨ ਸਮਾਗਮ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਸਾਹਿਤਕ ਅਤੇ ਸਮਾਜਿਕ ਦੇਣ ਦਾ ਵਿਸ਼ੇਸ਼ ਜ਼ਿਕਰ ਕੀਤਾ।



**ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵਿਸ਼ੇਸ਼ ਸੰਦੇਸ਼ ਦਿੱਤਾ। ਉਨ੍ਹਾਂ ਆਪਣੇ ਸੰਦੇਸ਼'ਚ ਭਾਈ ਸਾਹਿਬ ਰਾਹੀਂ ਰਚੇ ਸਾਹਿਤ ਨੂੰ ਗੁਰਮਤਿ ਦੀਆਂ ਮਹਾਨ ਰਚਨਾਵਾਂ ਦੱਸਦਿਆਂ ਇਹਨਾਂ ਨੂੰ ਅੱਜ ਦੇ ਨੌਜਵਾਨਾਂ ਲਈ ਪ੍ਰਮੁੱਖ ਪ੍ਰੇਰਨਾ ਸਰੋਤ ਦੱਸਿਆ।** (ਵੇਰਵਾ ਸਫ਼ਾ-9 ਤੇ)

ਉਪਰੰਤ ਡਾ.ਮਨਮੋਹਨ ਸਿੰਘ ਦੀ ਸੁਪਤਨੀ ਸਰਦਾਰਨੀ ਗੁਰਸ਼ਰਨ ਕੌਰ ਨੇ ਭਾਈ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦਿਆਂ **ਖਾਲਸਾ ਸਮਾਚਾਰ** ਦਾ ਵਿਸ਼ੇਸ਼ ਅੰਕ ਰੀਲੀਜ਼ ਕੀਤਾ। ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਇਸ ਵਾਰ ਦੇ ਡਿਜ਼ੀਟਲ ਸਮਾਰੋਹ ਸੰਬੰਧੀ ਆਪਣੇ ਅਨੁਭਵਾਂ ਨੂੰ ਸਾਂਝਿਆਂ ਕਰਦਿਆਂ ਸਦਨ ਦੀਆਂ ਪ੍ਰਕਾਸ਼ਨਾਵਾਂ ਦਾ ਜ਼ਿਕਰ ਕੀਤਾ। ਅਖ਼ੀਰ 'ਚ ਅਨੰਦ ਸਾਹਿਬ ਦੇ ਪਾਠ ਤੋਂ ਬਾਅਦ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਫੂਲਾ ਸਿੰਘ ਨੇ ਕੀਤੀ। ਅਰਦਾਸ ਦੌਰਾਨ ਉਨ੍ਹਾਂ ਗੁਰੂ ਪਾਤਸ਼ਾਹ ਦੇ ਚਰਨਾਂ 'ਚ ਸਦਨ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਦੀ ਸਿਹਤਯਾਬੀ ਲਈ ਵਿਨਮ੍ਰ ਬੇਨਤੀ ਵੀ ਕੀਤੀ। ਪ੍ਰੋਗਰਾਮ ਦੀ ਸਮਾਪਤੀ ਤੇ ਸਦਨ ਦੇ ਸਟਾਫ਼ ਨੇ ਨਾਮ ਸਿਮਰਨ ਕੀਤਾ।



ਭਾਈ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ
ਸਰਦਾਰਨੀ ਗੁਰਸ਼ਰਨ ਕੌਰ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ
ਗਿਆਨੀ ਫੂਲਾ ਸਿੰਘ ਅਰਦਾਸ ਕਰਦੇ ਹੋਏ